# ਚਿਰਾਗ

ਜਨਵਰੀ -ਮਾਰਚ 1993

**January -March 1993**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ

ਪੁਸਤਕ ਲੜੀ–3

## ਚੁੱਪ ਨਾ ਰਹੋ

ਪਾਸਤਰ ਮਾਰਤਿਨ ਨੀਮੋਏਲਰ

ਪਹਿਲਾਂ ਉਹ ਯਹੂਦੀਆਂ ਨੂੰ ਫੜਨ ਲਈ ਆਏ
ਤੇ ਮੈਂ ਬੋਲਿਆ ਨਾ
ਕਿਉਂਕਿ ਮੈਂ ਯਹੂਦੀ ਨਹੀਂ ਸੀ

ਫਿਰ ਉਹ ਕਮਿਊਨਿਸਟਾਂ ਲਈ ਆਏ
ਤੇ ਮੈਂ ਫਿਰ ਵੀ ਨਾ ਬੋਲਿਆ
ਕਿਉਂਕਿ ਮੈਂ ਕਮਿਊਨਿਸਟ ਨਹੀਂ ਸੀ

ਫਿਰ ਉਹ ਟਰੇਡ ਯੂਨੀਆਨਿਸਟਾਂ ਲਈ ਆਏ
ਤੇ ਮੈਂ ਫੇਰ ਵੀ ਨਾ ਬੋਲਿਆ
ਕਿਉਂਕਿ ਮੈਂ ਟਰੇਡ ਯੂਨੀਆਨਿਸਟ ਨਹੀਂ ਸੀ

ਫਿਰ ਉਹ ਕੈਥੋਲਿਕਾਂ ਨੂੰ ਫੜਨ ਆਏ
ਮੈਂ ਫਿਰ ਵੀ ਚੁੱਪ ਹੀ ਰਿਹਾ
ਕਿਉਂਕਿ ਮੈਂ ਕੈਥੋਲਿਕ ਨਹੀਂ ਸੀ

ਅਖੀਰ ਉਹ ਮੈਨੂੰ ਫੜਨ ਲਈ ਆਏ
ਤੇ ਉਸ ਵੇਲੇ ਤੀਕ ਮੇਰੇ ਲਈ ਹਾਅ ਦਾ
ਨਾਹਰਾ ਮਾਰਨ ਵਾਲਾ ਕੋਈ ਵੀ ਨਹੀਂ ਸੀ ਰਹਿ ਗਿਆ।

(ਪਾਦਰੀ, ਬੁੱਧੀਜੀਵੀ ਤੇ ਜਰਮਨ ਨਾਜ਼ੀਵਾਦ
ਦੀ ਚੜ੍ਹਤ ਸਮੇਂ ਦਾ ਇਕ ਪੀੜਤ ਕਵੀ)

ਪੁਸਤਕ ਲੜੀ ਨੰ : 3

# ਚਿਰਾਗ਼

ਜਨਵਰੀ-ਮਾਰਚ 93


ਇਸ ਅੰਕ ਦਾ ਕਵੀ : ਅਮਰਜੀਤ ਕੌਂਕੇ

ਗ਼ਜ਼ਲਾਂ : ਸੁਰਜੀਤ ਜੱਜ, ਇਬਾਦ ਨਬੀਲ ਸ਼ਾਦ, ਡਾ. ਐਸ. ਤਰਸੇਮ, ਕੇਸਰ ਸਿੰਘ ਨੀਰ, ਬਾਬਾ ਨਜਮੀਂ।

ਨਜ਼ਮਾਂ : ਅਜਾਇਬ ਹੁੰਦਲ, ਵਿਸ਼ਾਲ, ਇਬਾਦ ਨਬੀਲ ਸ਼ਾਦ, ਬਲਬੀਰ ਪਰਵਾਨਾ, ਸੁਤੰਤਰ ਸ਼ੀਲ, ਬਾਬਾ ਨਜਮੀਂ, ਦੇਵਿੰਦਰ ਚੰਦਨ, ਰਸ਼ੀਦ ਹੁਸੈਨ, ਮਦਨ ਵੀਰਾ, ਗੁਰਬਖ਼ਸ਼ ਭੰਡਾਲ।

ਕਹਾਣੀ : ਜਸਵੰਤ ਸਿੰਘ ਵਿਰਦੀ, ਮੁਖਤਿਆਰ ਸਿੰਘ।

ਵਿਸ਼ੇਸ਼ ਲੇਖ : ਪਿਆਰਾ ਸਿੰਘ ਸਹਿਰਾਈ (ਮਾਰਕਸਵਾਦ ਤੇ ਸਾਹਿਤਕਾਰ)

ਨਿਬੰਧ : ਪਾਬਲੋ ਨੇਰੂਦਾ, ਡਾ. ਰਘਬੀਰ ਢੰਡ, ਡਾ. ਸੁਖਚੈਵ ਸਿੰਘ ਖਾਹ ਡਾ. ਸੁਰਿੰਦਰ ਕਾਹਲੋਂ, ਆਈ ਕਵਿੰਗ।

ਪੁਸਤਕ ਪੜਚੋਲ : ਡਾ. ਹਰਭਜਨ ਭਾਟੀਆ, ਡਾ. ਅਨੂਪ ਸਿੰਘ, ਸੁਰਜੀਤ ਗਿੱਲ, ਹ. ਸ. ਹ.

ਮਿੱਤਰਾਂ ਦੇ ਖ਼ਤ : ਡਾ. ਚਮਨ ਪ੍ਰਭਾਕਰ, ਸਹਿਰਾਈ ਜੀ, ਪ੍ਰੋ. ਲੋਕ ਨਾਥ, ਡਾ. ਹਰਭਜਨ ਭਾਟੀਆ, ਸੁਖਬੀਰ, ਸੰਤੋਖ ਸਿੰਘ ਸੰਤੋਖ।

ਪੁਸਤਕ ਪ੍ਰਾਪਤੀ : .........


---


**ਸੰਪਾਦਕ :** ਹਰਭਜਨ ਸਿੰਘ ਹੁੰਦਲ

**ਸੰਪਾਦਕੀ ਮੰਡਲ :** ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ

ਵਾਰਸ਼ਿਕ ਸਹਾਇਤਾ : 25/- ਇਕ ਕਾਪੀ : 7/- ਵਿਦੇਸ਼ : 150/-

**ਡਾਕ-ਪਤਾ** : ਪਿੰਡ, ਫੱਤੂ ਚੱਕ, ਡਾ. ਢਿੱਲਵਾਂ, (ਕਪੂਰਥਲਾ) (ਪੰਜਾਬ) 144804

Postal Address, V. Fatu Chak, P.O. Dhilwan Dist. Kapt. 144804.

ਪ੍ਰਿੰਟਰ, ਮਾਲਕ ਤੇ ਪਬਲਿਸ਼ਰ : ਡਾ: ਅਨੂਪ ਸਿੰਘ ਨੇ ਅਨੂਪਮ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾਕੇ E.J. 272, ਚਹਾਰ ਬਾਗ ਜਲੰਧਰ ਤੋਂ ਪ੍ਰਕਾਸ਼ਤ ਕੀਤਾ।




## ਅਮਰਜੀਤ ਕੌਂਕੇ/ਚਾਰ ਕਵਿਤਾਵਾਂ

### 1. ਪਤਾ ਨਹੀਂ

ਪਤਾ ਨਹੀਂ
ਕਿਸ ਗੱਲੋਂ ਨਾਰਾਜ਼ ਸੀ ਉਹ
ਕਿ ਉਸ ਨੇ ਸੁੱਟਿਆ
ਚੰਦਰਮਾ ਦੇ ਗਲ 'ਚ ਰੱਸਾ
ਤੇ ਸ਼ਹਿਰ ਦੇ ਸਭ ਤੋਂ ਪੁਰਾਣੇ ਬੋਹੜ ਤੇ
ਲਟਕਾ ਦਿੱਤਾ ਫਾਂਸੀ ਉਸ ਨੂੰ

ਸੂਰਜ ਦੀ ਹਿੱਕ 'ਚ
ਖੁੱਭ ਦਿੱਤੀ ਕਟਾਰ ਬੇਰਹਿਮ

ਸਮੁੰਦਰ ਦੇ ਸੀਨੇ 'ਚ ਮਾਰਿਆ
ਅਗਨ ਬਾਣ—ਮੁਕਾ ਦੇਣ ਲਈ

ਹਵਾਵਾਂ ਦੇ ਰਾਹ 'ਚ
ਅੜ ਗਿਆ ਪਰਬਤ ਬਣ ਕੇ

ਪਤਾ ਨਹੀਂ
ਕਿਸ ਗੱਲੋਂ ਨਾਰਾਜ਼ ਸੀ ਉਹ

### 2. ਸੁਪਨੇ

ਸੁਪਨੇ
ਆਉਂਦੇ ਸਨ ਕਦੇ
ਫੁੱਲਾਂ ਜਿਹੇ ਤਿਤਲੀਆਂ ਜਿਹੇ
ਮਹਿਬੂਬ ਕੁੜੀਆਂ ਦੀ ਯਾਦ ਬਣ ਕੇ
ਸੁਪਨੇ ਆਉਂਦੇ ਸਨ

ਸੁਪਨੇ ਆਉਂਦੇ ਸਨ
ਕਿ ਉਠਦੇ ਸਾਰ
ਮਹਿਕ ਜਾਂਦੀ ਸੀ ਸਵੇਰ
ਕਈ ਕਈ ਚਿਰ
ਰੱਖਣ ਲਈ ਯਾਦ—ਕਰਦਾ ਸੀ ਦਿਲ
ਡਰਦਾ ਸੀ ਦਿਲ

ਕਿ ਵਿਸਰ ਨਾ ਜਾਣ ਛੇਤੀ
ਸੋਹਣੀਆਂ ਕੁੜੀਆਂ ਦੇ ਖ਼ਾਬ

ਪਰ ਹੁਣ
ਸੁਪਨੇ ਆਉਂਦੇ ਨੇ
ਸਿਵਿਆਂ ਦੇ, ਚਿਖ਼ਾਵਾਂ ਦੇ
ਵਿਲਕਦੀਆਂ ਮਾਵਾਂ ਦੇ
ਮਰ ਗਏ ਮਿੱਤਰਾਂ ਦੀਆਂ ਰੂਹਾਂ ਬਣ ਕੇ
ਹੁਣ ਸੁਪਨੇ
ਆਉਂਦੇ ਨਹੀਂ ਖੁਸ਼ਬੂਆਂ ਬਣਕੇ

ਆਖੋ
ਇਹਨਾਂ ਸੁਪਨਿਆਂ ਨੂੰ ਆਖੋ
ਕਿ ਇਹ ਫਿਰ
ਮਹਿਬੂਬ ਕੁੜੀਆਂ ਦੇ ਖ਼ਤ ਜਿਹੇ ਬਣ ਕੇ ਆਉਣ
ਤੇ ਖ਼ਾਬਾਂ ਦੇ ਨਿਰਮਲ ਪਾਣੀ
ਨਾ ਗੰਧਲਾਉਣ

ਆਖੋ
ਇਹਨਾਂ ਸੁਪਨਿਆਂ ਨੂੰ ਆਖੋ

## 3. ਗਾਨੀ

ਗਾਨੀ ਬਣ ਜਾਵਾਂਗਾ
ਤੇਰੀ ਹਿੱਕ ਤੇ ਕਰਾਂਗਾ
ਨਿੱਕੀਆਂ ਨਿੱਕੀਆਂ ਸ਼ਰਾਰਤਾਂ
ਤੇਰੇ ਕੰਨਾਂ ਕੋਲ ਕਰਾਂਗਾ—ਸਰਗੋਸ਼ੀ
ਕਦੇ ਗੁਦਗੁਦਾ ਦੇਵਾਂਗਾ
ਤੇਰੀ ਧੌਣ ਦੇ ਦੁਆਲੇ

ਗਾਨੀ ਬਣ ਜਾਵਾਂਗਾ
ਕਦੇ ਹੋਠਾਂ ਤੇਰਿਆਂ ਨੂੰ ਛੂਹ ਜਾਵਾਂਗਾ
ਰਹਾਂਗਾ ਸਦਾ ਤੇਰੀਆਂ ਜ਼ੁਲਫਾਂ ਦੇ ਸਾਏ ਹੇਠ
ਮਚਲਦਾ
ਤੜਪਦਾ
ਕੰਬਦਾ



ਤੇ ਜਦੋਂ ਰਹਿ ਨਾ ਹੋਇਆ
ਤਾਂ ਤੇਰੇ ਜਿਸਮ ਤੇ
ਬਿਖਰ ਜਾਵਾਂਗਾ
ਹੋ ਕੇ ਮਣਕਾ ਮਣਕਾ

## 4. ਖੋਹ ਲਵੋ

ਖੋਹ ਲਵੋ
ਮੈਥੋਂ ਮੇਰੀਆਂ ਸਾਰੀਆਂ ਮੰਜ਼ਿਲਾਂ
ਤੇ ਮੇਰੇ ਪੈਰਾਂ ਦੇ ਨਾਮ
ਭਟਕਣ ਲਿਖ ਦੇਵੋ
ਕਿ ਹਰ ਮੰਜ਼ਿਲ ਤੇ ਪਹੁੰਚ ਕੇ
ਮੈਂ ਬਹੁਤ ਉਦਾਸ ਹੋ ਜਾਂਦਾ ਹਾਂ
ਤੇ ਹਰ ਸਮੁੰਦਰ
ਮੇਰੇ ਹੋਠਾਂ ਤੇ ਪਿਆਸ ਲਿਖ ਜਾਂਦਾ ਹੈ

ਹਰ ਸ਼ਾਮ
ਸੂਰਜ ਮੈਨੂੰ ਮੂੰਹ ਚਿੜ੍ਹਾ ਕੇ ਉੱਤਰਦਾ ਹੈ
ਦੂਰ ਅੰਬਰਾਂ 'ਚ ਉੱਡਦੇ ਪੰਛੀ
ਮੇਰੇ ਪਿੰਜਰੇ ਵੱਲ ਵੇਖ ਕੇ ਹੱਸਦੇ ਹਨ
ਤੇ ਮੇਰੇ ਅੰਦਰ
ਅੱਚਵੀ ਛੇੜ ਦਿੰਦੇ ਹਨ—ਸਾਂਵਲੇ ਦੁਮੇਲ

ਖੋਹ ਲਵੋ
ਮੈਥੋਂ ਮੇਰਾ ਸਾਰਾ ਮੋਹ
ਕਿ ਜਦੋਂ ਵੀ ਦਿਸ਼ਾਂਵਾਂ
ਮੈਨੂੰ ਆਵਾਜ਼ ਦਿੰਦੀਆਂ ਹਨ
ਤਾਂ ਮੇਰੇ ਪੈਰਾਂ 'ਚ ਮੱਚ ਪੈਂਦਾ ਹੈ—ਕੁਹਰਾਮ

ਖੋਹ ਲਵੋ
ਮੈਥੋਂ ਮੇਰੀਆਂ ਸਾਰੀਆਂ ਕਵਿਤਾਵਾਂ
ਤੇ ਮੈਨੂੰ ਉਹ ਬੇਚੈਨ ਅੱਗ ਦੇ ਦੇਵੋ
ਜਿਹੜੀ ਕਵਿਤਾ ਲਿਖਣ ਤੋਂ ਪਹਿਲਾਂ
ਮੇਰੇ ਅੰਦਰ ਸੁਲਘਦੀ ਹੈ

703/1, Street No. 6, Partap Nagar
Ludhiana—141003 (Pb.)

ਵਾਦ-ਵਿਵਾਦ

# ਮਾਰਕਸਵਾਦ ਅਤੇ ਸਾਹਿਤਕਾਰ

ਪਿਆਰਾ ਸਿੰਘ ਸਹਿਰਾਈ

'ਝਨਾਂ ਦੀ ਰਾਤ' ਦਾ ਕਾਵਿ-ਸੰਸਾਰ ਨਾਂ ਦੇ ਲੇਖ (ਚਿਰਾਗ, ਪੁਸਤਕ ਲੜੀ-2) ਵਿਚ ਹਰਭਜਨ ਸਿੰਘ ਹੁੰਦਲ ਨੇ ਸਾਹਿਤ ਅਕਾਦਮੀ ਇਨਾਮ-ਜੇਤੂ ਕਵੀ ਸ੍ਰੀ ਹਰਿੰਦਰ ਸਿੰਘ ਮਹਿਬੂਬ ਦੇ ਸਮੁੱਚੇ ਕਾਵਿ ਦਾ, ਸੰਖੇਪ ਰੂਪ ਵਿਚ, ਮੁਲੰਕਣ ਕੀਤਾ ਹੈ। ਇਹ ਲੇਖ ਜ਼ਰੂਰੀ ਤੌਰ ਤੇ, ਆਲੋਚਕਾਂ ਤੇ ਸਾਹਿਤਕਾਰਾਂ ਦਾ ਧਿਆਨ ਖਿੱਚੇਗਾ ਅਤੇ ਅੱਜ ਦੇ ਇਸ ਚਰਚਿਤ ਕਵੀ ਬਾਰੇ ਆਪਣੇ ਵਿਚਾਰ ਪ੍ਰਗਟਾਉਣ ਲਈ ਹੋਰਨਾਂ ਕਲਮਾਂ ਨੂੰ ਟੁੰਬੇਗਾ। ਇਸ ਦ੍ਰਿਸ਼ਟੀ ਤੋਂ ਹੁੰਦਲ ਦੇ ਲੇਖ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ।

ਮੈਂ ਸਾਹਿਤ-ਪਿੜ ਦਾ ਸਮੀਖਿਆਕਾਰ ਤਾਂ ਨਹੀਂ, ਪਰ ਮਾਰਕਸਵਾਦੀ ਚਿੰਤਨ ਦਾ ਧਾਰਣੀ ਕਵੀ ਜ਼ਰੂਰ ਹਾਂ। ਹਰਿੰਦਰ ਸਿੰਘ ਮਹਿਬੂਬ ਨੇ ਆਪਣੀ ਪੁਸਤਕ ਦੀ ਭੂਮਿਕਾ ਵਿਚ ਮਾਰਕਸਵਾਦ ਦੀ ਨੁਕਤਾਚੀਨੀ ਕੀਤੀ ਹੈ, ਅਤੇ ਲਿਖਿਆ ਹੈ ਕਿ "ਮਾਰਕਸਵਾਦੀ ਸਿਧਾਂਤ ਵੱਲ ਵਫ਼ਾਦਾਰੀ ਕਵਿਤਾ ਨੂੰ ਆਜ਼ਾਦ ਉਡਾਣ ਤੋਂ ਰਹਿਤ ਕਰ ਦਿੰਦੀ ਹੈ, ਕਿਉਂਕਿ ਮਾਰਕਸਵਾਦ ਦੀ ਹੋਂਦ ਸੰਪੂਰਣ ਦਰਸ਼ਨ ਦਾ ਦਰਜਾ ਨਹੀਂ ਰੱਖਦੀ।" ਮਹਿਬੂਬ ਸਾਹਿਬ ਦੀ ਏਸੇ ਟਿੱਪਣੀ ਨੇ ਮੈਨੂੰ ਹੇਠ ਲਿਖੀਆਂ ਸਤਰਾਂ ਲਿਖਣ ਲਈ ਪ੍ਰੇਰਿਆ ਹੈ।

ਦੋ ਸ਼ਬਦਾਂ ਵਿਚ ਇਹ ਲਿਖਕੇ ਕਿ ਸੰਪੂਰਣ ਤਾਂ ਕੁਝ ਵੀ ਨਹੀਂ—ਨਾ ਕੋਈ ਸਿਧਾਂਤ ਤੇ ਨਾ ਕੋਈ ਦਰਸ਼ਨ, ਸਭ ਕੁਝ ਹੀ ਸਾਪੇਖਕ ਹੈ; ਵਾਪਰਦੇ ਨੂੰ, ਤੇਜ਼ੀ ਨਾਲ ਬਦਲਦੇ ਨੂੰ ਪਕੜਨ ਦਾ ਜਤਨ ਹੈ, ਇਸੇ ਲਈ ਨਿਰਪੇਖ ਨਹੀਂ ਹੋ ਸਕਦਾ—ਮੈਂ ਹਰਭਜਨ ਸਿੰਘ ਹੁੰਦਲ ਵਲੋਂ ਕੀਤੀ ਗਈ ਇਸ ਟਿਪਣੀ ਬਾਰੇ ਵੀ ਕੁਝ ਕਹਿਣਾ ਚਾਹਾਂਗਾ ਕਿ ਹਰਿੰਦਰ ਸਿੰਘ ਮਹਿਬੂਬ ਦੀ ਕਾਲਪਨਿਕ ਉਡਾਰੀ ਯਥਾਰਥ ਨੂੰ ਪਕੜਨ ਲੱਗਿਆਂ ਕਲਾਮਈ ਸਮਰੱਥਾ ਪੱਖੋਂ ਸਾਧਾਰਨ ਪੱਧਰ ਉਤੇ ਵਿਚਰਨ ਲੱਗਦੀ ਹੈ। ਕਾਲਪਨਿਕ ਉਡਾਰੀ ਤਾਂ ਸਗੋਂ ਹਰ ਵਿਸ਼ੇ ਉਤੇ ਰਚਨਾ ਕਰਦਿਆਂ ਕਵੀ ਦੀ ਸਹਾਈ ਹੋਣੀ ਚਾਹੀਦੀ ਹੈ, ਬਸ਼ਰਤਿ ਕਿ ਇਸਦੀ ਛੋਹ ਧਰਤੀ ਨਾਲ ਕਾਇਮ ਰਹੇ, ਇਹ ਧਰਤੀ ਨਾਲੋਂ ਟੁਟ ਕੇ ਅਸਮਾਨ ਵਿਚ ਨਾ ਲਟਕੇ। ਸਾਡਾ ਵਿਰਸਾ ਇਸ ਸੰਬੰਧ ਵਿਚ ਸਾਡਾ ਰਾਹ ਰੁਸ਼ਨਾਂਦਾ ਹੈ। ਗੁਰੂ ਨਾਨਕ ਦੀ 'ਬਾਬਰ ਵਾਣੀ' ਅਤੇ ਐਮਨਾਬਾਦ ਉਤੇ ਬਾਬਰ ਦੇ ਹਮਲੇ ਦੇ ਨਤੀਜੇ ਦੇ ਤੌਰ 'ਤੇ ਗੁਰੂ ਨਾਨਕ ਸਾਹਿਬ ਵਲੋਂ ਚਿਤਰੇ ਭਿਆਨਕ ਦ੍ਰਿਸ਼ ਜਿਥੇ ਸਾਨੂੰ ਹਿਲਾ ਸੁਟਦੇ ਹਨ, ਉਥੇ ਸਾਡੀ ਸੋਚ ਅਤੇ ਸਮਾਜਕ ਸੂਝ ਨੂੰ ਨਰੋਆ ਬਣਾਈ ਰੱਖਣ ਵਿਚ ਵੀ ਸਹਾਈ ਹੁੰਦੇ ਹਨ, ਸਾਡੀ ਸਮਾਜਕ ਸੂਝ ਨੂੰ ਤਿੱਖਾ ਕਰਦੇ ਹਨ। ਕੋਈ ਕਲਾਕਾਰ ਆਪਣੇ ਜੁਗ ਦੇ ਦੁਖਾਂਤ ਨੂੰ ਉਹਦੇ ਸਮੁੱਚੇ ਰੂਪ ਵਿਚ ਵੇਖ ਤੇ ਘੋਖ ਕੇ ਹੀ ਨਰੋਈ ਮਾਨਵਵਾਦੀ ਰਚਨਾ ਕਰ ਸਕਦਾ ਹੈ।

ਪੰਜਾਬ ਅੱਜ ਇਕ ਵੱਡਾ ਦੁਖਾਂਤ ਭੋਗ ਰਿਹਾ ਹੈ। ਸਿਖ-ਆਤਮਾ ਪੀੜੋ-ਪੀੜ ਹੈ, ਪਰ ਇਹ ਪੰਜਾਬ ਆਤਮਾ ਨਾਲੋਂ ਵੱਖਰੀ ਨਹੀਂ। ਪੰਜਾਬੀ ਕਵੀ ਨੇ ਪੰਜਾਬ ਦੀ ਆਤਮਾ ਨੂੰ



ਪਛਾਣਨਾ ਹੈ ਜੀਹਨੂੰ ਅਸਲ ਵਿਚ ਅਜਵੇਂ ਜੁਗ ਦੀ ਪਛਾਣ ਤੋਂ ਬਿਨਾਂ ਜਾਣ-ਪਛਾਣ ਸਕਣਾ ਮੁਸ਼ਕਲ ਹੈ। ਇਥੇ ਤਾਂ ਮਾਰਕਸਵਾਦੀ ਸਿਧਾਂਤ, ਮਹਿਬੂਬ ਸਾਹਿਬ ਦੇ ਕਥਨ ਦੇ ਉਲਟ, ਸਾਹਿਤਕਾਰ ਦੀ ਆਜ਼ਾਦ ਉਡਾਣ ਵਿਚ ਸਹਾਈ ਹੁੰਦਾ ਹੈ, ਕਿਉਂਜੁ ਇਹ ਕਾਵਿ-ਮਾਰਗ ਨੂੰ ਵਧੇਰੇ ਰੁਸ਼ਨਾਉਣ ਵਿਚ, ਦੁਨੀਆਂ ਦੀ ਅਸਲੀਅਤ ਤੇ ਹਕੀਕਤ ਨੂੰ ਸਮਝਣ ਵਿਚ ਸਾਡਾ ਅੰਗ ਪਾਲਦਾ ਹੈ। ਨਾਲੇ ਸਿਧਾਂਤ ਨੂੰ ਸਦਾ ਇਹਦੇ ਸਿਰਜਣਾਤਮਕ ਰੂਪ ਵਿਚ ਹੀ ਲੈਣਾ ਬਣਦਾ ਹੈ। ਸਿਧਾਂਤ ਜਦੋਂ ਤੰਗ ਨਜ਼ਰ, ਕੱਟੜ ਹੋ ਜਾਂਦਾ ਹੈ (ਇਹ ਮਾਰਕਸਵਾਦੀ ਸਿਧਾਂਤ ਹੈ, ਜਾਂ ਕੋਈ ਹੋਰ ਸਮਾਜਕ, ਦਾਰਸ਼ਨਿਕ ਜਾਂ ਅਧਿਆਤਮਕ ਸਿਧਾਂਤ) ਆਪਣਾ ਸਿਰਜਣਾਤਮਕ ਰੋਲ ਗੁਆ ਬਹਿੰਦਾ ਹੈ ਅਤੇ ਕਲਮਕਾਰ ਦਾ ਸਹਾਈ ਹੋਣ ਦੀ ਥਾਂ ਉਹਦਾ ਬਾਧਕ ਬਣ ਜਾਂਦਾ ਹੈ।

ਕਲਾ ਤਾਂ ਧਰਤੀ ਤੇ ਅਕਾਸ਼, ਦੋਹਾਂ, ਨੂੰ ਹੀ ਇਕੋ ਛਿਣ ਵਿਚ ਆਪਣੇ ਕਲਾਵੇ ਵਿਚ ਲੈ ਲੈਣ ਦੇ ਸਮਰਥ ਹੁੰਦੀ ਹੈ। ਕੀ ਧਰਤੀ ਨਾਲੋਂ ਨਾਤਾ ਤੋੜ ਕੇ ਅਕਾਸ਼-ਮੰਡਲਾਂ ਵਿਚ ਉਡਾਰੀਆਂ ਲਾਉਣਾ ਕਾਵਿ-ਰਚਨਾ ਦੀ ਦ੍ਰਿਸ਼ਟੀ ਤੋਂ ਸੌਖੇਰਾ ਰਾਹ ਹੈ ? ਕੀ ਧਰਤੀ ਦੀਆਂ ਗੱਲਾਂ ਨੂੰ ਕਾਵਿਮਈ ਰੂਪ ਵਿਚ ਪ੍ਰਗਟਾਉਣਾ ਮੁਸ਼ਕਲ ਕਾਰਜ ਹੈ ? ਕਵੀ ਨੇ ਤਾਂ ਧਰਤੀ ਤੇ ਅਸਮਾਨ ਦੀ ਗਲਵਕੜੀ ਪੁਆਉਣੀ ਹੁੰਦੀ ਹੈ, ਅਤੇ ਇਹ ਗਲਵਕੜੀ ਉਹਦਾ ਆਪਾ, ਲੋਕ-ਆਤਮਾ ਜਾਂ ਜੀਵਨ-ਸਾਜ਼ ਹੋ ਸਕਦੀ ਹੈ ਤੇ ਹੁੰਦੀ ਹੈ। ਵਿਸ਼ਵ ਪ੍ਰਸਿੱਧੀ ਦੇ ਅਨੇਕਾਂ ਕਵੀਆਂ ਵਿਚ ਸਾਨੂੰ ਇਸ ਪ੍ਰਾਪਤੀ ਦੇ ਦਰਸ਼ਨ ਹੁੰਦੇ ਹਨ। ਧਰਤੀ ਅਕਾਸ਼ ਦੀ ਗਲਵਕੜੀ ਪੁਆਉਣ ਲਈ ਦਵੰਦਾਤਮਕ ਪਹੁੰਚ ਦੀ, ਨਜ਼ਰ ਦੀ ਸਰਬੰਗੀ ਸਪਸ਼ਟਤਾ ਦੀ ਲੋੜ ਹੁੰਦੀ ਹੈ। ਸਾਡੇ ਪੈਰ ਧਰਤੀ ਵਿਚ ਗੱਡੇ ਹੋਏ ਹੋਣ, ਅਸੀਂ ਉਡਾਰੀਆਂ ਭਾਵੇਂ ਨੀਲ-ਗਗਨਾਂ ਦੀਆਂ ਲਾ ਰਹੇ ਹੋਈਏ। ਅਸਾਂ ਅਰਸ਼ ਤੋਂ ਫਰਸ਼ ਵੱਲ ਉਤਰਨਾ ਨਹੀਂ, ਸਗੋਂ ਫਰਸ਼ ਤੋਂ ਅਰਸ਼ ਵੱਲ ਚੜ੍ਹਨਾ ਹੁੰਦਾ ਹੈ।

ਨਾਲੇ, ਪਹੁੰਚ-ਅਧਹੁੰਚ ਵਿਚਕਾਰ ਵਿੱਥ ਹੈ ਵੀ ਤੇ ਨਹੀਂ ਵੀ—ਸਭ ਕੁਝ ਹੀ ਸਾਪੇਖਕ ਜੁ ਹੋਇਆ, ਕੁਝ ਵੀ ਤਾਂ ਨਿਰਪੇਖ ਨਹੀਂ। ਗੱਲ ਤਾਂ ਆਖ਼ਰਕਾਰ ਮਨੁੱਖ ਵੱਲ ਮਨੁੱਖ ਦੀ ਪਹੁੰਚ ਉਤੇ ਹੀ ਆਣ ਮੁਕਦੀ ਹੈ। ਮਨੁੱਖਵਾਦ ਹੀ ਸਾਡਾ ਕਲਾਕਾਰਾਂ ਦਾ ਮੂਲ ਰੂਪ ਵਿਚ ਪ੍ਰੇਰਨਾ-ਸਰੋਤ ਹੁੰਦਾ ਹੈ ਅਤੇ ਕਾਰਲ ਮਾਰਕਸ ਦੇ ਸਿਧਾਂਤ ਵਿਚ ਮਨੁੱਖਵਾਦ ਆਪਣੇ ਪੂਰੇ ਜਲੌਅ ਵਿਚ ਦ੍ਰਿਸ਼ਟੀ-ਗੋਚਰ ਹੈ।

## ਕਾਰਲ ਮਾਰਕਸ ਦਾ ਮਨੁਖਵਾਦ

ਸਾਡੇ ਬਹੁਤੇ ਸਾਹਿਤਕਾਰਾਂ ਤੇ ਵਿਚਾਰਵਾਨਾਂ ਨੇ ਕਾਰਲ ਮਾਰਕਸ, ਉਹਦੇ ਅਸਲੀ, ਮਨੁਖਵਾਦੀ ਸਰੂਪ ਵਿਚ ਜਾਣਿਆਂ-ਪਛਾਣਿਆਂ ਹੀ ਨਹੀਂ, ਜਾਣਨ-ਪਛਾਣਨ ਦਾ ਜਤਨ ਹੀ ਨਹੀਂ ਕੀਤਾ ਅਤੇ ਇਹ ਜਾਣਨਾ-ਪਛਾਣਨਾ ਕੋਈ ਸੌਖਾ ਕੰਮ ਵੀ ਤਾਂ ਨਹੀਂ। ਕਾਰਲ ਮਾਰਕਸ ਦੀਆਂ ਸੰਪੂਰਨ ਲਿਖਤਾਂ ਪੜ੍ਹੇ ਬਿਨਾਂ ਉਹਨੂੰ ਸਮਝਿਆ ਨਹੀਂ ਜਾ ਸਕਦਾ, ਖਾਸ ਤੌਰ ਤੇ ਦਾਰਸ਼ਨਿਕ ਤੇ ਵਿਚਾਰਧਾਰਕ ਲਿਖਤਾਂ। ਜਮਾਤੀ ਸੰਘਰਸ਼ ਅਤੇ ਪ੍ਰੋਲਤਾਰੀ ਦੀ ਡਿਕਟੇਟਰਸ਼ਿਪ ਬਾਰੇ, ਸਰਮਾਏਦਾਰੀ ਪ੍ਰਣਾਲੀ ਉਤੇ ਉਹਦੀ ਮੋਟੀ-ਮੋਟੀ ਪੜਚੋਲ ਪੜ੍ਹਕੇ,

ਇਕ ਆਮ ਜਿਹੀ ਧਾਰਣਾ ਬਣਾ ਲਈ ਜਾਂਦੀ ਹੈ, ਅਤੇ ਇਹ ਧਾਰਣਾ ਬਣਾਉਂਦਿਆਂ ਬੀਤੇ ਤੋਂ ਵਿਰਸੇ ਵਿਚ ਮਿਲੇ ਤੁਅਸਬਾਂ ਨੇ ਵੀ ਇਸ ਉੱਪਰ ਆਪਣਾ ਰੰਗ ਚਾੜ੍ਹਿਆ ਹੁੰਦਾ ਹੈ ।

ਬੁਰਜੁਆ ਵਿਚਾਰਧਾਰਕਾਂ ਵਲੋਂ ਜਾਣ-ਬੁਝ ਕੇ, ਅਤੇ ਹਾਕਮ ਕਮਿਊਨਿਸਟਾਂ ਵਲੋਂ ਤੇ ਉਹਨਾਂ ਦੇ ਬੁਲਾਰਿਆਂ ਵਲੋਂ ਅਲਪ-ਗਿਆਨ ਦੇ ਕਾਰਨ, ਮਾਰਕਸ ਦੇ ਸਿਧਾਂਤ ਨੂੰ ਵਿਗਾੜ ਕੇ ਪੇਸ਼ ਕੀਤਾ ਗਿਆ ਕਿਉਂਜੁ ਦੋਹਾਂ ਨੇ ਹੀ ਕਾਰਲ ਮਾਰਕਸ ਦੇ ਚਿੰਤਨ ਨੂੰ 'ਪਦਾਰਥਵਾਦੀ' ਪ੍ਰਾਵਰਗਾਂ ਵਿਚ, ਜਿਵੇਂ ਕਿ ਇਹ ਸਮਕਾਲੀ ਪੂੰਜੀਵਾਦ ਵਿਚ ਪਾਏ ਜਾਂਦੇ ਹਨ, ਵਖਾਣਿਆਂ ਹੈ । ਪਰ ਕਾਰਲ ਮਾਰਕਸ ਦੇ ਸਾਹਮਣੇ "ਆਪਣੇ ਨੁਕਸਾਂ ਤੋਂ ਰਹਿਤ ਅਜੋਕਾ ਸਮਾਜ" ਨਹੀਂ, ਸਗੋਂ ਮਾਰਕਸ ਦਾ ਉਦੇਸ਼ ਤਾਂ ਆਰਥਕ ਲੋੜਾਂ ਦੇ ਦਬਾਉ ਤੋਂ ਮਨੁਖ ਨੂੰ ਸੁਤੰਤਰ ਕਰਨਾ ਹੈ ਤਾਂ ਜੁ ਉਹ ਸਰਬੰਗੀ ਰੂਪ ਵਿਚ, ਆਪਣੇ ਸਮੁੱਚ ਵਿਚ, ਵਿਕਾਸ ਕਰ ਸਕੇ, ਭੌਤਿਕੀ ਭੋਗ ਤੋਂ ਉੱਪਰ ਉਠਕੇ ਆਤਮਕ ਖੁਸ਼ੀ ਹਾਸਲ ਕਰ ਸਕੇ, ਪਰ ਅਜੇਹੀ ਪਰਾਪਤੀ ਤਾਂ ਸਮਾਜ ਵਿਚੋਂ ਅਣਮਨੁਖੀ ਸੰਬੰਧਾਂ ਦਾ ਖਾਤਮਾ ਹੋਣ ਦੀ ਸੂਰਤ ਵਿਚ ਹੀ ਸੰਭਵ ਹੈ ।

## ਪੂੰਜੀਵਾਦੀ ਪਹੁੰਚ ਛਿੱਕੇ ਟੰਗਣ ਦੀ ਲੋੜ

ਕਾਰਲ ਮਾਰਕਸ ਦੇ ਬਹੁਤੇ ਆਲੋਚਕ ਕਾਰਲ ਮਾਰਕਸ ਨੂੰ ਪੂੰਜੀਵਾਦੀ ਕਦਰਾਂ, ਕੀਮਤਾਂ ਦੇ ਧਰਾਤਲ ਤੋਂ, ਪੂੰਜੀਵਾਦੀ ਪਹੁੰਚ ਤੋਂ ਹੀ ਪਰਖਦੇ ਹਨ । ਨਾਲੇ ਚੀਜ਼ਾਂ ਵਸਤਾਂ ਵੱਲ, ਪਦਾਰਥਾਂ ਵੱਲ ਕਾਰਲ ਮਾਰਕਸ ਦੀ ਪਹੁੰਚ 'ਗੰਵਾਰੂ ਕਮਿਊਨਿਜ਼ਮ' ਵਾਲੀ ਬਿਲਕੁਲ ਨਹੀਂ (ਇਹ ਆਲੋਚਕ ਕਮਿਊਨਿਜ਼ਮ ਅਤੇ ਗੰਵਾਰੂ ਕਮਿਊਨਿਜ਼ਮ ਵਿਚਕਾਰ ਫ਼ਰਕ ਨੂੰ ਨਹੀਂ ਵੇਖਦੇ ।) ਮਾਰਕਸ ਨੇ ਗੰਵਾਰੂ (ਵਲਗਰ) ਕਮਿਊਨਿਜ਼ਮ ਦੇ ਪਰਖਚੇ ਉਡਾਉਂਦਿਆਂ ਲਿਖਿਆ : "ਇਹ ਜਬਰ ਰਾਹੀਂ ਪ੍ਰਤਿਭਾ, ਆਦਿ ਨੂੰ ਖਤਮ ਕਰਨਾ ਚਾਹੁੰਦਾ ਹੈ । ਤਤਕਾਲੀ ਭੌਤਿਕੀ ਕਬਜ਼ਾ ਹੀ ਇਹਨੂੰ ਜੀਵਨ ਦਾ ਤੇ ਹੋਂਦ ਦਾ ਅਦੁਤੀ ਉਦੇਸ਼ ਦਿਸਦਾ ਹੈ । ਕਾਮੇ ਦੇ ਰੋਲ ਨੂੰ ਖਤਮ ਨਹੀਂ ਕੀਤਾ ਜਾਂਦਾ ਸਗੋਂ ਇਹਨੂੰ ਸਭਨਾਂ ਲੋਕਾਂ ਤੱਕ ਵਧਾ ਦਿੱਤਾ ਜਾਂਦਾ ਹੈ। ਨਿੱਜੀ (ਪ੍ਰਾਈਵੇਟ) ਸੰਪਤੀ ਦਾ ਸੰਬੰਧ ਹੀ ਚੀਜ਼ਾਂ ਵਸਤਾਂ ਦੇ ਜਗਤ ਬਾਰੇ ਕਮਿਊਨਿਟੀ ਦਾ ਸੰਬੰਧ ਰਹਿੰਦਾ ਹੈ । ਅੰਤ ਵਿਚ, ਆਮ ਨਿੱਜੀ ਸੰਪਤੀ ਦਾ ਵਿਰੋਧ ਕਰਨ ਦੀ ਇਹ ਰੁਚੀ ਪਾਸ਼ਵਿਕ ਸ਼ਕਲ ਵਿਚ ਪ੍ਰਗਟਾਈ ਜਾਂਦੀ ਹੈ ।" ਕਾਰਲ ਮਾਰਕਸ ਦੀ ਪਹੁੰਚ ਤਾਂ ਪ੍ਰਕਿਰਤੀ ਨਾਲ ਜੁੜੇ ਅਤੇ ਮਨੁਖਾਂ ਨਾਲ ਇਕਸੁਰ ਮਨੁਖ ਦੀ ਅਤੇ, ਅੰਤਿਮ ਵਿਸ਼ਲੇਸ਼ਣ ਵਿਚ, ਪਦਾਰਥਕ ਮਨੁਖ ਨਾਲੋਂ ਵਧੇਰੇ ਕਰ ਕੇ ਆਤਮਕ ਮਨੁਖ ਵਾਲੀ ਪਹੁੰਚ ਹੈ ਜਦੋਂ ਮਨੁਖ ਨਿੱਜੀ ਹਿੱਤ ਤੋਂ, ਵਿਅਕਤੀਗਤ ਹਿੱਤ ਤੋਂ ਨਹੀਂ, ਸਗੋਂ ਸਰਬਤ ਦੇ ਭਲੇ ਤੋਂ, ਸਰਬ-ਜਨਕ ਕਲਿਆਣ ਤੋਂ ਟੁਰਦਾ ਹੈ ਤਾਂ ਉਹ ਪਦਾਰਥਕ ਨਹੀਂ ਰਹਿੰਦਾ, ਆਤਮਕ ਹੋ ਨਿਬੜਦਾ ਹੈ । ਮੈਂ ਕਾਰਲ ਮਾਰਕਸ ਦੇ ਏਸ ਸਰੂਪ ਨੂੰ ਪਛਾਣਨ ਦਾ ਜਤਨ ਕੀਤਾ ਹੈ । ਏਸ ਸਰੂਪ ਨੂੰ ਪੂੰਜੀਵਾਦੀ ਰੂਹ (ਸਪਿਰਟ) ਦਾ ਤਿਆਗ ਕਰਕੇ ਹੀ ਪਛਾਣਿਆਂ ਜਾ ਸਕਦਾ ਹੈ । ਵਿਚਾਰਵਾਦ ਅਤੇ ਪਦਾਰਥਵਾਦ ਨੂੰ ਦਾਰਸ਼ਨਿਕ-ਵਿਗਿਆਨਕ ਦ੍ਰਿਸ਼ਟੀਕੋਣ ਤੋਂ, ਸਿਧਾਤਾਂ ਵਜੋਂ, ਵੇਖਣਾ ਹੋਰ ਗੱਲ ਹੈ, ਅਤੇ ਪਦਾਰਥਕ ਲੋਕ-ਲਾਲਚ ਤੋਂ, ਵਸਤਾਂ ਲਈ



ਦੌੜ-ਭੱਜ ਤੋਂ ਵੇਖਣਾ ਬਿਲਕੁਲ ਹੀ ਹੋਰ ਗੱਲ । 'ਪਦਾਰਥਵਾਦ' ਇਕ ਸਿਧਾਂਤ ਹੈ । ਇਸ ਪੱਖੋਂ ਸਾਡੇ ਕਈ ਰਿਸ਼ੀ ਮੁਨੀ ਵੀ ਪਦਾਰਥਵਾਦੀ ਸਨ । ਗੌਤਮ ਬੁਧ ਤਾਂ ਸੀ ਹੀ ਪਦਾਰਥਵਾਦੀ । ਉਹਨੇ ਇਸ ਜਗਤ ਨੂੰ ਸਭ ਤੋਂ ਪਹਿਲਾਂ ਦਵੰਦਾਤਮਕ ਦ੍ਰਿਸ਼ਟੀ ਤੋਂ ਵੇਖਿਆ, ਸਮਝਿਆ । ਇਸੇ ਲਈ ਗੌਤਮ ਬੁਧ ਨੇ ਲੋਕ-ਕਲਿਆਣ ਨੂੰ ਹੀ ਪ੍ਰਾਥਮਿਕਤਾ ਦਿੱਤੀ, ਇਥੋਂ ਤੱਕ ਕਿ ਨਿੱਜੀ ਮੁਕਤੀ ਨੂੰ ਵੀ ਸਰਬ-ਕਲਿਆਣ ਦੇ ਅੰਗ ਵਜੋਂ ਹੀ ਵੇਖਿਆ ।

## ਪਦਾਰਥਵਾਦ, ਵਿਚਾਰਧਾਰਾ ਵਜੋਂ

ਕਾਰਲ ਮਾਰਕਸ "ਪਦਾਰਥਵਾਦੀ (ਦਵੰਦਾਤਮਕ) ਵਿਧੀ ਦੇ ਪ੍ਰਸੰਗ ਵਿਚ ਪਦਾਰਥ-ਵਾਦ (ਸਿਧਾਂਤਕ ਵਜੋਂ) ਦੀ ਗੱਲ ਕਰਦਾ ਹੈ । ਇਸੇ ਲਈ 'ਜਰਮਨ ਆਈਡੀਆਲੋਜੀ' ਨਾਂ ਦੀ ਲਿਖਤ ਵਿਚ ਉਹ ਜਰਮਨ ਦਰਸ਼ਨ ਦੇ ਟਾਕਰੇ ਉਤੇ "ਜਿਹੜਾ ਅਸਮਾਨ ਤੋਂ ਜ਼ਮੀਨ ਉਤੇ ਉਤਰਦਾ ਹੈ, ਜ਼ਮੀਨ ਤੋਂ ਅਸਮਾਨ ਵੱਲ ਜਾਂਦੇ ਦਰਸ਼ਨ" ਵੱਲ ਸਾਡਾ ਧਿਆਨ ਖਿੱਚਦਾ ਹੈ । ਅਸੀਂ ਹੱਡ-ਮਾਸ ਦੇ ਮਨੁੱਖਾਂ ਤੱਕ ਪਹੁੰਚਣ ਲਈ ਉਸ ਤੋਂ ਨਹੀਂ ਟੁਰਦੇ ਜੋ ਮਨੁਖ ਕਲਪਦੇ, ਸੋਚਦੇ ਹਨ, ਨਾ ਹੀ ਦੱਸੇ-ਗਏ, ਸੋਚੇ-ਗਏ, ਜਾਂ ਕਲਪੇ ਗਏ ਤੋਂ ਟੁਰਦੇ ਹਾਂ । ਅਸੀਂ ਤਾਂ ਅਸਲੀ, ਕ੍ਰਿਆਸ਼ੀਲ ਮਨੁਖਾਂ ਤੋਂ, ਅਤੇ ਉਨ੍ਹਾਂ ਦੀ ਅਸਲੀ ਜੀਵਨ-ਪ੍ਰਕ੍ਰਿਆ ਤੋਂ ਟੁਰਦੇ ਹਾਂ, ਅਤੇ ਇਸ ਜੀਵਨ-ਪ੍ਰਕ੍ਰਿਆ ਦੇ ਵਿਚਾਰਧਾਰਕ ਅਕਸਾਂ (ਪ੍ਰਤਿਰੂਪਾਂ) ਅਤੇ ਪ੍ਰਤਿਧੁਨੀਆਂ ਦੇ ਵਿਕਾਸ ਨੂੰ ਦਰਸਾਂਦੇ ਹਾਂ ।"

ਸਾਹਿਤਕਾਰਾਂ ਲਈ ਇਹ ਜਾਣਨਾ ਜ਼ਰੂਰੀ ਹੈ ਕਿ "ਵਿਅਕਤੀ ਉਹੋ ਕੁਝ ਹੁੰਦੇ ਹਨ ਜਿਸ ਤਰ੍ਹਾਂ ਉਹ ਆਪਣੇ ਜੀਵਨ ਨੂੰ ਪ੍ਰਗਟਾਉਂਦੇ ਹਨ । ਉਹ ਕੀ ਹਨ, ਇਹ ਉਨ੍ਹਾਂ ਦੀ ਉਪਜ ਦੇ ਅਨਰੂਪ ਹੁੰਦਾ ਹੈ, ਇਸ ਪੱਖੋਂ ਵੀ ਕਿ ਉਹ ਕੀ ਉਪਜਾਂਦੇ ਹਨ ਤੇ ਇਸ ਪੱਖੋਂ ਵੀ ਕਿ ਕਿਵੇਂ ਉਪਜਾਂਦੇ ਹਨ, ਇਸ ਤਰ੍ਹਾਂ ਵਿਅਕਤੀਆਂ ਦੀ ਪ੍ਰਕਿਰਤੀ ਉਨ੍ਹਾਂ ਦੀ ਉਪਜ ਨੂੰ ਮਿਥਣ ਵਾਲੀਆਂ ਪਦਾਰਥਕ ਹਾਲਤਾਂ ਉਤੇ ਨਿਰਭਰ ਕਰਦੀ ਹੈ ।" (ਜਰਮਨ ਆਈਡੀਆਲੋਜੀ) ।

ਪਰ, ਜਿਥੇ ਕਾਰਲ ਮਾਰਕਸ ਹੀਗਲ ਦੀ ਦਵੰਦਾਤਮਕ ਵਿਧੀ ਦਾ ਧਾਰਣੀ ਹੁੰਦਾ ਹੋਇਆ ਉਹਦੇ ਵਿਚਾਰਵਾਦ ਦਾ ਵਿਰੋਧੀ ਸੀ, ਉਥੇ ਉਹ ਪਦਾਰਥਵਾਦ ਦਾ ਸਮਰਥਕ ਹੁੰਦਾ ਹੋਇਆ ਉਜੱਡ ਪਦਾਰਥਵਾਦ ਦਾ ਵੀ ਮੁਖਾਲਿਫ਼ ਸੀ । ਕਾਰਲ ਮਾਰਕਸ ਨੂੰ ਪੜ੍ਹਦਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਤਿਹਾਸਕ ਪਦਾਰਥਵਾਦ ਕੋਈ ਮਨੋਵਿਗਿਆਨਕ ਸਿਧਾਂਤ ਨਹੀਂ ਜਿਹੜਾ ਕਹਿੰਦਾ ਹੈ ਕਿ ਜਿਸ ਢੰਗ ਨਾਲ ਮਨੁਖ ਉਪਜਾਂਦਾ ਹੈ, ਉਹੋ ਹੀ ਉਹਦੀਆਂ ਖ਼ਾਹਸ਼ਾਂ ਤੇ ਆਕਿਆਖਾਵਾਂ ਨੂੰ ਜਨਮ ਦਿੰਦਾ ਹੈ । ਇਤਿਹਾਸਕ ਪਦਾਰਥਵਾਦ ਤਾਂ ਦਸਦਾ ਹੈ ਕਿ ਮਨੁਖ ਜੋ ਕੁਝ ਉਪਜਾਂਦਾ ਹੈ ਉਹੋ ਉਹਦੀ ਸੋਚ ਤੇ ਖ਼ਾਹਸ਼ਾਂ ਨੂੰ ਜਨਮਦਾ ਹੈ । ਇਸਦਾ ਮਤਲਬ ਇਹ ਉਕਾ ਹੀ ਨਹੀਂ ਕਿ ਮਨੁਖ ਦਾ ਮੂਲ ਮਨੋਰਥ ਪਦਾਰਥ ਦੀ, ਚੀਜ਼ਾਂ ਵਸਤਾਂ ਦੀ ਇਕੱਤਰਤਾ ਹੈ । ਠੀਕ, ਚੀਜ਼ਾਂ ਵਸਤਾਂ ਉਹਦੇ ਵਿਕਾਸ ਲਈ ਜ਼ਰੂਰੀ ਹਨ, ਇਹ ਉਹਦੇ ਵਿਅਕਤਿਤ੍ਵ ਦੀ ਨੀਂਹ ਹਨ ।

## ਵਿਅਕਤੀ ਦੀ ਆਜ਼ਾਦੀ ਤੇ ਕਾਰਲ ਮਾਰਕਸ

ਕਾਰਲ ਮਾਰਕਸ ਜਦੋਂ ਪੂੰਜੀਵਾਦ ਉਤੇ ਭਰਪੂਰ ਵਾਰ ਕਰਦਾ ਹੈ ਤਾਂ ਉਹਦੇ ਸਾਹਮਣੇ ਇਹ ਹਕੀਕਤ ਹੁੰਦੀ ਹੈ ਕਿ ਪੂੰਜੀਵਾਦ ਨੇ ਚੀਜ਼ਾਂ-ਵਸਤਾਂ ਗ੍ਰਹਿਣ ਕਰਨ ਨੂੰ ਹੀ, ਪਦਾਰਥਕ ਨੂੰ ਹੀ ਮਨੁਖ ਦਾ ਮੂਲ ਮਨੋਰਥ ਬਣਾ ਧਰਿਆ ਹੈ। ਅੱਜ ਧੰਨ ਹੀ, ਸੰਪਤੀ ਹੀ ਮਨੁੱਖ ਦਾ 'ਰੱਬ' ਬਣਿਆ ਹੋਇਆ ਹੈ; ਉਹ ਅਸਲੋਂ ਧੰਨ ਦਾ ਪੁਜਾਰੀ ਹੈ। ਇਹਦੇ ਟਾਕਰੇ ਉਤੇ ਕਾਰਲ ਮਾਰਕਸ ਜਿਸ ਸਮਾਜ ਨੂੰ ਨਿਰੂਪਦਾ ਹੈ, ਉਹਦੇ ਵਿਚ ਤਾਂ ਪਦਾਰਥ ਦਾ ਭੋਗ ਹੀ ਪੈ ਚੁਕਿਆ ਹੁੰਦਾ ਹੈ; ਇਥੋਂ ਤਕ ਕਿ ਬਰਾਬਰੀ ਦਾ ਵੀ। ਯਾਦ ਰਹੇ ਕਿ ਕਾਰਲ ਮਾਰਕਸ ਨੇ ਬਰਾਬਰੀ ਦੇ ਸਿਧਾਂਤ ਨੂੰ ਬੁਰਜੁਆ ਸੰਕਲਪ ਦੱਸਿਆ ਹੈ। ਬਰਾਬਰੀ ਦਾ ਨਾਹਰਾ ਬੁਰਜੁਆ ਫਰਾਂਸੀਸੀ ਇਨਕਲਾਬ ਦੇ ਦੌਰ ਵਿਚ ਲਾਇਆ ਗਿਆ ਸੀ। ਪਰ ਇਤਿਹਾਸ ਦੀ ਗੁੱਝੀ ਮਸ਼ਕਰੀ ਵੇਖੋ ਕਿ ਬੁਰਜੁਆ ਸਮਾਜ ਦੀ ਸਿਰਜਣਾ ਪੂਰੀ ਤਰ੍ਹਾਂ ਨਾ-ਬਰਾਬਰੀ ਉਤੇ ਹੋਈ ਹੈ। ਮਾਰਕਸ ਤਾਂ ਮਨੁਖ ਦੀ ਬੰਧਨ-ਮੁਕਤੀ ਦੀ, ਉਹਦੀ ਆਜ਼ਾਦੀ ਦੀ ਗੱਲ ਕਰਦਾ ਹੈ। ਵਿਅਕਤੀ ਦੀ ਆਜ਼ਾਦੀ ਨੂੰ ਉਹ ਜੋ ਅਹਿਮੀਅਤ ਦਿੰਦਾ ਹੈ, ਓਹ ਉਹਦੇ ਇਨ੍ਹਾਂ ਕਥਨਾਂ ਤੋਂ ਜਾਣੀ ਜਾ ਸਕਦੀ ਹੈ।

"ਅਸੀਂ ਚਾਹਵਾਨ ਹਾਂ ਕਿ ਜਮਾਤਾਂ ਅਤੇ ਵਿਰੋਧਤਾਈਆਂ ਵਾਲੇ ਪੁਰਾਣੇ ਬੁਰਜੁਆ ਸਮਾਜ ਦੀ ਥਾਂ ਇਕ ਅਜਿਹਾ ਸਮਾਜ ਹੋਵੇ ਜਿਸ ਵਿਚ ਹਰ ਇਕ ਦਾ ਸੁਤੰਤਰ ਵਿਕਾਸ ਸਭਨਾਂ ਦੇ ਸੁਤੰਤਰ ਵਿਕਾਸ ਦੀ ਸ਼ਰਤ ਹੋਵੇ।"

"ਮੇਰੇ ਲਈ ਇਨਕਲਾਬ ਸੁਤੰਤਰ ਮਨੁਖ ਦੇ ਮਾਣ-ਸਨਮਾਣ ਦੇ ਹੱਕ ਵਿਚ ਸਭਨਾਂ ਦਿਲਾਂ ਦਾ ਧੜਕਣਾ ਅਤੇ ਸਭਨਾਂ ਹੱਥਾਂ ਦਾ ਉਠਣਾ ਹੈ।"

"ਸਿਧਾਂਤ ਇਹ ਹੈ ਕਿ ਮਨੁਖ ਲਈ ਸਰਬ-ਉੱਚ ਹੱਦ ਮਨੁਖ ਹੀ ਹੈ : ਅਰਥਾਤ, ਇਹ ਲਾਜ਼ਮੀ ਹੈ ਕਿ ਉਨ੍ਹਾਂ ਸਭਨਾਂ ਹਾਲਤਾਂ ਨੂੰ ਖਤਮ ਕੀਤਾ ਜਾਵੇ ਜਿਨ੍ਹਾਂ ਵਿਚ ਮਨੁੱਖ ਗ਼ੁਲਾਮ ਹੈ, ਮਨੁੱਖ ਦੀ ਨਿਰਾਦਰੀ ਹੁੰਦੀ ਹੈ, ਉਹਨੂੰ ਘਿਰਣਾ ਕੀਤੀ ਜਾਂਦੀ ਹੈ ਅਤੇ ਰੱਦਿਆ ਜਾਂਦਾ ਹੈ।"

## ਪਦਾਰਥਾਂ ਦਾ ਭੋਗ ਤੇ ਕਾਰਲ ਮਾਰਕਸ

ਜਿਵੇਂ ਕਿ ਆਮ ਤੌਰ ਤੇ ਸਮਝਿਆ ਜਾਂਦਾ ਹੈ, ਕਾਰਲ ਮਾਰਕਸ ਚੀਜ਼ਾਂ-ਵਸਤਾਂ ਨੂੰ ਜੱਫਾ ਮਾਰਨ ਦਾ ਹਿਮਾਇਤੀ ਨਹੀਂ। ਕਿਰਤ ਕਰਦਿਆਂ ਅਤੇ ਘਾਲਣਾ ਘਾਲਦਿਆਂ ਹੀ ਮਨੁੱਖ ਆਪਣੇ ਜੀਵਨ ਨੂੰ ਮੁੱਲਵਾਨ ਬਣਾਉਂਦਾ ਹੈ। (ਗੁਰੂ ਨਾਨਕ ਦੇ ਸ਼ਬਦ ਵੀ ਇਸ ਸੱਚ ਨੂੰ ਵਿਖਾਣਦੇ ਹਨ : 'ਘਾਲਿ ਖਾਇ ਕੁਛ ਹੱਥੋਂ ਦੇਹਿ, ਨਾਨਕ ਰਾਹ ਪਛਾਣਨ ਸੇ।') ਇਸੇ ਨੂੰ ਹੀ ਤਾਂ ਸਹਿਜ ਜਿਉਣਾ ਕਹਿੰਦੇ ਹਾਂ। ਕਾਰਲ ਮਾਰਕਸ ਵਲੋਂ ਨਿਰੂਪਿਆ ਵਿਅਕਤੀ ਜੀਵਨ ਭੋਗਦਾ, ਹੱਸਦਿਆਂ, ਖੇਡਦਿਆਂ, ਖੁਸ਼ੀਆਂ ਮਾਣਦਾ ਹੈ, ਪਰ ਉਹ ਲੋਭ-ਲਾਲਸਾ ਦੇ ਅਧੀਨ ਹੋ ਕੇ ਪਦਾਰਥਕ ਜਗਤ ਨੂੰ ਦੋਂਹ-ਦੋਂਹ ਹੱਥੀਂ ਸਮੇਟਣ ਦੇ ਕਾਰਜ ਵਿਚ ਨਹੀਂ ਜੁੱਟ ਜਾਂਦਾ, ਉਹਦੇ ਲਈ ਚੀਜ਼ਾਂ ਦਾ ਭੋਗ ਹੀ ਜੀਵਨ ਦਾ ਉਦੇਸ਼ ਬਣਕੇ ਨਹੀਂ ਰਹਿ ਜਾਂਦਾ। ਚੀਜ਼ਾਂ ਵਸਤਾਂ ਜੀਵਨ ਲਈ ਹਨ, ਜੀਵਨ ਇਹਨਾਂ ਲਈ ਨਹੀਂ। ਕਾਰਲ ਮਾਰਕਸ



ਇਹ ਪੂਰੀ ਤਰ੍ਹਾਂ ਸਪਸ਼ਟ ਕਰਦਾ ਹੈ ਕਿ ਮਨੁੱਖ ਉਥੋਂ ਤੱਕ ਹੀ ਜਿਉਂਦਾ ਹੈ ਜਿਥੋਂ ਤੱਕ ਉਹ ਆਪਣੀਆਂ ਵਿਸ਼ੇਸ਼ ਮਨੁੱਖੀ ਸ਼ਕਤੀਆਂ ਨੂੰ ਪ੍ਰਗਟਾਉਣ ਦੀ ਕਾਰਜਕਤਾ ਦੇ ਦੌਰਾਨ ਆਪਣੇ ਆਲੇ-ਦੁਆਲੇ ਦੀ ਦੁਨੀਆਂ ਨੂੰ ਆਪਣੀ ਪਕੜ ਵਿਚ ਲੈਂਦਾ ਹੈ। ਇਸੇ ਕਾਰਜਕਤਾ ਵਿਚ ਵਿਅਕਤੀ ਆਪਣੇ ਸਾਰ ਨੂੰ ਪਛਾਣਦਾ ਹੈ, ਆਪਣੇ ਸਾਰ ਵੱਲ ਪਰਤਦਾ ਹੈ। ਇਸੇ ਨੂੰ ਤਾਂ "ਪਾਉਣਾ" ਕਹਿੰਦੇ ਹਨ। ਇਹੋ ਤਾਂ 'ਰਾਹ ਪਛਾਨਣਾ' ਹੈ ! (ਇਹਨੂੰ ਅਧਿਆਤਮ-ਵਾਦੀ ਰੱਬ ਨੂੰ ਪਾਉਣਾ ਵੀ ਆਖ ਦਿੰਦੇ ਹਨ, ਪਰ ਉਨ੍ਹਾਂ ਦਾ ਰਾਹ, ਨਿਰੋਲ ਸ਼ਰਧਾ ਦੇ ਬਲ-ਬੂਤੇ 'ਅਰੂਪ' ਜਾਂ 'ਨਿਰਪੇਖ' ਦੀ ਰੂਹ ਦੀ ਮਾਨਤਾ ਥਾਣੀ ਲੰਘਦਾ ਹੈ।)

ਇਸ ਸਿਲਸਿਲੇ ਵਿਚ ਗੇਇਟੇ ਦਾ ਕਥਨ ਵੀ ਧਿਆਨਯੋਗ ਹੈ : "ਮਨੁੱਖ ਆਪਣੇ ਆਪ ਨੂੰ ਉਥੋਂ ਤੱਕ ਹੀ ਜਾਣਦਾ ਹੈ ਜਿਥੋਂ ਤੱਕ ਓਹ ਦੁਨੀਆਂ ਨੂੰ ਜਾਣਦਾ ਹੈ; ਉਹ ਦੁਨੀਆਂ ਨੂੰ ਆਪਣੇ ਅੰਦਰ-ਅੰਦਰ ਹੀ ਜਾਣਦਾ ਹੈ ਅਤੇ ਉਹ ਦੁਨੀਆਂ ਦੇ ਅੰਦਰ-ਅੰਦਰ ਆਪਣੇ ਆਪ ਤੋਂ ਸੁਚੇਤ ਹੈ।" ਗੇਇਟੇ ਦੀ ਵਿਸ਼ਵ-ਪ੍ਰਸਿੱਧ ਰਚਨਾ ਦਾ ਨਾਇਕ, ਫੌਸਟ, ਇਹ ਗੱਲ ਸਪਸ਼ਟ ਕਰਦਾ ਹੈ ਕਿ ਕਬਜ਼ਾ, ਸੱਤਾ, ਅਤੇ ਇੰਦਰਿਆਵੀ ਸੰਤੁਸ਼ਟਤਾ ਜੀਵਨ ਦੇ ਅਰਥ ਲੱਭਣ ਦੇ ਕਾਰਜ ਵਿਚ ਮਨੁੱਖੀ ਜਤਨਾਂ ਦੀ ਪੂਰਤੀ ਨਹੀਂ ਕਰ ਸਕਦੇ।

## ਆਤਮ ਤੇ ਵਸਤੂ

ਉਹ ਕਿਹੜੀ ਚੀਜ਼ ਹੈ ਜਿਹੜੀ ਬਾਹਰਲੇ ਜਗਤ ਦੇ ਯਥਾਰਥ ਵਿਚ ਮਨੁੱਖ ਦਾ ਵਿਸ਼ਵਾਸ ਜਗਾਂਦੀ ਹੈ, ਜਿਸ ਦਾ ਸਦਕਾ ਬਾਹਰਲਾ ਜਗਤ ਅਸਲੀ ਯਥਾਰਥ ਬਣਦਾ ਹੈ ? ਮਾਰਕਸ ਲਿਖਦਾ ਹੈ; "ਅੱਖ ਉਦੋਂ ਹੀ ਮਨੁੱਖੀ ਅੱਖ ਬਣੀ ਜਦੋਂ ਇਹਦੀ ਬਾਹਰਮੁਖੀ ਵਸਤੂ (ਅਨਾਤਮ) ਮਨੁੱਖੀ, ਸਮਾਜਕ ਵਸਤੂ ਬਣੀ, ਜੋ ਮਨੁੱਖ ਦੁਆਰਾ ਸਿਰਜੀ ਗਈ, ਅਤੇ ਇਹ ਉਹਦੇ ਲਈ ਹੀ ਸੀ। ਇਹ (ਇੰਦਰੀਆਂ) ਵੱਥ ਦੀ ਖਾਤਰ ਹੀ ਵੱਥ ਨਾਲ ਆਪਣੇ ਆਪ ਨੂੰ ਜੋੜਦੀਆਂ ਹਨ। ਪਰ ਖੁਦ ਵੱਥ ਆਪਣੇ ਆਪ ਨਾਲ ਅਤੇ ਮਨੁੱਖ ਨਾਲ ਇਕ ਬਾਹਰਮੁਖੀ ਸੰਬੰਧ ਹੈ, ਅਤੇ ਇਵੇਂ ਹੀ ਇਹਦੇ ਉਲਟ।" ਇਸ ਤਰ੍ਹਾਂ ਲੋੜ ਅਤੇ ਭੋਗ ਆਪਣੇ ਹਉਵਾਦੀ ਖ਼ਾਸੇ ਨੂੰ ਗਵਾ ਬਹਿੰਦੇ ਹਨ, ਅਤੇ ਪ੍ਰਕਿਰਤੀ ਨੇ ਇਸ ਤੱਥ ਕਰਕੇ ਕਿ ਇਹਦਾ ਉਪਯੋਗ ਮਨੁੱਖੀ ਉਪਯੋਗ ਬਣ ਗਿਆ ਹੋਇਆ ਹੈ, ਆਪਣੀ ਮਹਿਜ਼ ਉਪਯੋਗਤਾ ਗੁਆਈ ਹੈ। ਅਸਲ ਵਿਚ, ਮੈਂ ਵੱਥ ਨਾਲ ਕੇਵਲ ਮਨੁੱਖੀ ਢੰਗ ਨਾਲ ਹੀ ਜੁੜ ਸਕਦਾ ਹਾਂ ਜਦੋਂ ਵੱਥ ਮਨੁੱਖ ਨਾਲ ਮਨੁੱਖੀ ਢੰਗ ਨਾਲ ਜੁੜੀ ਹੋਈ ਹੁੰਦੀ ਹੈ।" (ਆਰਥਕ ਤੇ ਦਾਰਸ਼ਨਿਕ ਲਿਖਤਾਂ)। ਸੋ, "ਆਤਮ ਨੂੰ ਅਨਾਤਮ ਨਾਲੋਂ ਨਿਖੇੜਿਆ ਜਾ ਹੀ ਨਹੀਂ ਸਕਦਾ।" ਕਾਰਲ ਮਾਰਕਸ ਅਨੁਸਾਰ ਤਾਂ ਇਹ "ਪਿਆਰ" ਹੀ ਹੈ ਜਿਹੜਾ ਆਪਣੇ ਨਾਲੋਂ ਬਾਹਰਲੇ ਅਨਾਤਮ ਜਗਤ ਦੇ ਯਥਾਰਥ ਵਿਚ ਉਹਦੇ ਵਿਸ਼ਵਾਸ ਨੂੰ ਜਗਾਉਂਦਾ ਹੈ। ਅੱਜ ਅਸੀਂ ਵੇਖਦੇ ਹਾਂ ਕਿ ਪੂੰਜੀਵਾਦੀ ਸਮਾਜ ਵਿਚ ਪਿਆਰ ਮੁਹੱਬਤ ਨੂੰ ਸਦਾ ਵਧੇਰੇ ਢਾਹ ਲੱਗ ਰਹੀ ਹੈ। ਪਾਲ ਟਿਲੀਚ ਅਨੁਸਾਰ ਸਮਾਜਵਾਦ "ਸਮਾਜਕ ਯਥਾਰਥ ਵਿਚ ਪਿਆਰ ਦੇ ਵਿਨਾਸ਼ ਦੇ ਵਿਰੁਧ ਮੁਜ਼ਾਹਮਤ ਦੀ ਲਹਿਰ ਹੈ।" ਕਾਰਲ ਮਾਰਕਸ ਦਾ ਕਥਨ ਹੈ ਕਿ "ਮਨੁੱਖ ਦਾ ਮਨੁੱਖ ਨਾਲ ਤਤਕਾਲੀ ਕੁਦਰਤੀ ਤੇ ਆਵਸ਼ਕ ਰਿਸ਼ਤਾ ਮਰਦ ਦਾ ਤੀਵੀਂ

ਨਾਲ ਰਿਸ਼ਤਾ ਵੀ ਹੈ। ਇਸ ਕੁਦਰਤੀ ਜਾਤੀ (ਸਪੇਸ਼ੀਜ) ਸੰਬੰਧ ਵਿਚ ਕੁਦਰਤ ਨਾਲ ਮਨੁੱਖ ਦਾ ਸੰਬੰਧ ਸਿੱਧੇ ਤੌਰ ਤੇ ਮਨੁੱਖ ਨਾਲ ਉਹਦਾ ਸੰਬੰਧ ਹੈ, ਅਤੇ ਮਨੁੱਖ ਨਾਲ ਉਹਦਾ ਸੰਬੰਧ ਸਿੱਧੇ ਤੌਰ ਤੇ ਕੁਦਰਤ ਨਾਲ, ਖੁਦ ਆਪਣੀ ਕੁਦਰਤੀ ਕਾਰਜਕਤਾ ਨਾਲ ਸੰਬੰਧ ਹੈ। ਮਰਦ ਦਾ ਤੀਵੀਂ ਨਾਲ ਸੰਬੰਧ ਮਨੁੱਖ ਨਾਲ ਮਨੁੱਖ ਦਾ ਅੱਤ ਕੁਦਰਤੀ ਸੰਬੰਧ ਹੈ। ਇਹ, ਇਸੇ ਲਈ, ਇਸਦਾ ਸੂਚਕ ਹੈ ਕਿ ਮਨੁੱਖ ਦਾ ਕੁਦਰਤੀ ਵਤੀਰਾ ਕਿਥੋਂ ਤੱਕ ਮਨੁੱਖੀ ਬਣ ਚੁਕਿਆ ਹੈ, ਅਤੇ ਕਿਥੋਂ ਤੱਕ ਉਹਦਾ ਮਨੁੱਖੀ ਸਾਰ ਉਹਦੇ ਲਈ ਕੁਦਰਤੀ ਸਾਰ ਬਣਿਆ ਹੈ, ਕਿਥੋਂ ਤੱਕ ਉਹਦੀ ਕੁਦਰਤੀ ਪ੍ਰਕਿਰਤੀ ਉਹਦੇ ਲਈ ਪ੍ਰਕਿਰਤੀ ਬਣ ਚੁੱਕੀ ਹੈ; ਇਹ ਗੱਲ ਇਹ ਵੀ ਦਰਸਾਂਦੀ ਹੈ ਕਿ ਕਿਥੋਂ ਤੱਕ ਮਨੁੱਖ ਦੀਆਂ ਲੋੜਾਂ ਮਨੁੱਖੀ ਲੋੜਾਂ ਬਣੀਆਂ ਹਨ, ਅਤੇ ਇਹਦੇ ਫਲਸਰੂਪ ਕਿਥੋਂ ਤੱਕ, ਦੂਜਾ ਵਿਅਕਤੀ, ਇਕ ਵਿਅਕਤੀ ਵਜੋਂ, ਉਹਦੀਆਂ ਲੋੜਾਂ ਵਿਚੋਂ ਇਕ ਲੋੜ ਬਣਿਆ ਹੈ, ਅਤੇ ਕਿਹੜੀ ਹੱਦ ਤੱਕ ਉਹ ਆਪਣੀ ਵਿਅਕਤੀਗਤ ਹੋਂਦ ਵਿਚ ਇਕ ਸਮਾਜਕ ਜੀਵ ਵੀ ਹੈ।" (ਆਰਥਕ ਤੇ ਦਾਰਸ਼ਨਿਕ ਦਸਤਾਵੇਜ਼ਾਂ)।

## ਲੋੜਾਂ ਦੀ ਪੂਰਤੀ ਤੇ ਮਹੱਤਵ

ਸਾਂਝੀਵਾਲਤਾ ਦਾ ਸਮਰਥਨ ਅਸੀਂ ਇਸ ਕਾਰਨ ਕਰਦੇ ਹਾਂ ਕਿ ਇਹ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਕਰੇਗਾ। ਪਰ ਪੂੰਜੀਵਾਦ ਵੀ ਤਾਂ ਮਨੁੱਖੀ ਲੋੜਾਂ ਦੀ ਪੂਰਤੀ ਕਰਦਾ ਹੈ। ਅੱਜ ਇਹਦੇ ਸਮਰਥਕ ਇਹਦੇ ਗੁਣ ਗਾਉਂਦੇ ਨਹੀਂ ਥੱਕਦੇ, ਕਿਉਂਜੁ ਇਹ ਕਾਮੇ ਨੂੰ ਕਿਤੇ ਵਧੇਰੇ ਉਜਰਤਾਂ ਦਿੰਦਾ ਹੈ ਜਿਸ ਦਾ ਸਦਕਾ ਉੱਨਤ ਪੂੰਜੀਵਾਦੀ ਦੇਸ਼ਾਂ ਵਿਚ ਕਾਮਾ ਕੀ ਫਰਿਜ, ਕੀ ਧੁਲਾਈ ਮਸ਼ੀਨ ਤੇ ਕੀ ਮੋਟਰਕਾਰ, ਹਰ ਚੀਜ਼ ਹਾਸਲ ਕਰ ਸਕਿਆ ਹੈ। ਜਿਸਦਾ ਸੁਪਨਾ ਵੀ 'ਸਮਾਜਵਾਦੀ' ਦੇਸ਼ਾਂ ਦੇ ਕਾਮੇ ਨਹੀਂ ਸਨ ਲੈ ਸਕਦੇ। ਮੈਂ ਇਹ ਨਹੀਂ ਕਹਿੰਦਾ ਕਿ ਮਨੁੱਖ ਨੂੰ ਇਹਨਾਂ ਲੋੜਾਂ ਦੀ ਪੂਰਤੀ ਦੀ ਜ਼ਰੂਰਤ ਨਹੀਂ। ਪਰ ਲੋੜਾਂ ਹਨ ਕੀ ? ਕਾਰਲ ਮਾਰਕਸ ਮਨੁੱਖ ਦੀਆਂ ਲੋੜਾਂ ਬਾਹਰਮੁਖੀ ਅਰਥਾਤ ਅਸਲੀ ਲੋੜਾਂ ਅਤੇ ਅੰਤਰਮੁਖੀ ਅਰਥਾਤ ਬਣਾਉਟੀ ਤੌਰ ਤੇ ਉਪਜਾਈਆਂ ਗਈਆਂ ਲੋੜਾਂ, ਵਿਚਕਾਰ ਅੰਤਰ ਨੂੰ ਵੇਖਦਾ ਹੈ। ਮਨੁੱਖ ਦੀਆਂ ਅਸਲੀ ਲੋੜਾਂ ਦੀ ਪੂਰਤੀ ਜ਼ਰੂਰੀ ਹੈ ਕਿਉਂਜੁ ਇਸ ਪੂਰਤੀ ਸਦਕਾ ਹੀ ਉਹ ਮਨੁੱਖ ਵਜੋਂ ਆਪਣੇ ਸਾਰ ਦੀ ਪਹਿਚਾਣ ਕਰ ਸਕਦਾ ਹੈ। ਆਪਣੇ ਸਾਰ ਤੱਕ ਪਹੁੰਚ ਸਕਦਾ ਹੈ, ਆਤਮਕ ਟੀਸੀਆਂ ਛੋਹ ਸਕਦਾ ਹੈ। ਉਪਭੋਗਤਾ ਦਾ ਰੋਗ ਬਣਾਉਟੀ ਲੋੜਾਂ ਵਿਚ ਤੇਜ਼ੀ ਨਾਲ ਵਾਧਾ ਕਰ ਰਿਹਾ ਹੈ ਜੋ ਮਾਨਸਿਕ ਸਿਹਤਮੰਦੀ ਲਈ ਇਕ ਰੋਗ ਬਣ ਰਹੀਆਂ ਹਨ; ਬਹੁਤੀਆਂ ਆਤਮਮੁਖੀ ਲੋੜਾਂ ਰੋਗੀ ਮਾਨਸਿਕਤਾ ਉਪਜਾਂਦੀਆਂ ਹਨ। ਮਨੁੱਖ ਦੀ ਆਤਮਾ ਨੂੰ ਤੋੜਦੀਆਂ ਭੰਨਦੀਆ ਹਨ, ਪਿਆਰ ਮੁਹੱਬਤ ਦੇ ਜਜ਼ਬੇ ਨੂੰ ਅਤੇ ਮਨੁੱਖ ਲਈ ਮਨੁੱਖ ਦੀ ਸੰਵੇਦਨਸ਼ੀਲਤਾ ਨੂੰ ਘਟਾਉਂਦੀਆਂ ਹਨ, ਮਨੁੱਖ ਨੂੰ ਵਸਤਾਂ ਦਾ ਗੁਲਾਮ ਬਣਾ ਕੇ ਉਹਦੀ ਬੇਚਾਰਗੀ ਵਿਚ ਵਾਧਾ ਕਰਦੀਆਂ ਹਨ। ਗੱਲ ਕੀ, ਮਨੁੱਖ ਨੂੰ ਮਨੁੱਖ ਹੀ ਨਹੀਂ ਰਹਿਣ ਦਿੰਦੀਆਂ।

ਸਾਹਿਤਕਾਰ ਨੇ ਵੇਖਣਾ ਹੈ ਕਿ ਮਨੁੱਖ ਦੀਆਂ ਅਸਲੀ ਬਾਹਰਮੁਖੀ ਲੋੜਾਂ ਦੀ ਪੂਰਤੀ



ਕਿਵੇਂ ਹੁੰਦੀ ਹੈ, ਅਤੇ ਉਹਦੇ ਆਤਮਕ ਵਿਕਾਸ ਵਿਚ ਇਹਨਾਂ ਦਾ ਕੀ ਹਿੱਸਾ ਹੈ। ਕੀ ਕੇਵਲ ਅੰਤਰ-ਧਿਆਨ ਸਦਕਾ, ਰੱਬ ਵਿਚ ਵਿਸ਼ਵਾਸ ਸਦਕਾ, ਮਜ਼ਹਬ ਸਦਕਾ ਮਨੁੱਖ ਬੇਗਾਨਗੀ ਦੇ ਅਹਿਸਾਸ ਤੋਂ ਮੁਕਤ ਹੋ ਸਕਦਾ ਹੈ ? ਆਪਣੀਆਂ ਬਾਹਰਮੁਖੀ ਲੋੜਾਂ ਦੀ ਪੂਰਤੀ ਕਰ ਸਕਦਾ ਹੈ ? ਕੀ ਮਨੁਖ (ਸਾਹਿਤਕਾਰ ਵੀ) ਜ਼ਿੰਦਗੀ ਨਾਲੋਂ ਟੁੱਟ ਕੇ, ਮਨੁੱਖ ਨਾਲੋਂ ਟੁੱਟਕੇ ਪ੍ਰਕਿਰਤੀ ਨਾਲ ਜੁੜ ਸਕਦਾ ਹੈ ? ਕੀ ਉਹਦਾ ਇਸ ਸੰਬੰਧ ਵਿਚ ਕੋਈ ਕਰਤੱਵ ਨਹੀਂ ਕਿ ਮਨੁੱਖਾਂ ਵਿਚਕਾਰ ਮਨੁੱਖਾਂ ਵਾਲੇ ਰਿਸ਼ਤ ਕਾਇਮ ਕਰਨ, ਮਨੁੱਖ ਨੂੰ ਮਨੁੱਖ ਨਾਲ ਅਤੇ ਪ੍ਰਕਿਰਤੀ ਨਾਲ ਜੋੜਨ ਵਿਚ ਆਪਣਾ ਹਿੱਸਾ ਪਾਵੇ ? ਕੀ ਪੂਰਨ ਮਨੁੱਖਤਾ ਦੀ ਪ੍ਰਾਪਤੀ ਤੋਂ ਬਿਨਾਂ ਸਾਹਿਤਕਾਰ ਆਪਣੇ ਤੇ ਇਸ ਜਗਤ ਵਿਚਲੀ ਗੁਆਚੀ ਮਨੁੱਖੀ ਏਕਤਾ ਦਾ ਅਨੁਭਵ ਕਰ ਸਕਦਾ ਹੈ, ਇਹਦੀ ਪ੍ਰਾਪਤੀ ਕਰ ਸਕਦਾ ਹੈ ? ਇਸ ਏਕਤਾ ਦੀ ਪ੍ਰਾਪਤੀ ਦੀ ਅਣਹੋਂਦ ਵਿਚ, ਮਨੁੱਖ ਤੇ ਪ੍ਰਕਿਰਤੀ ਨਾਲ ਜੁੜਨ ਦੀ ਅਣਹੋਂਦ ਵਿਚ, ਸਭ ਨਾਲੋਂ ਟੁੱਟ ਕੇ ਕਿਸੇ ਅਪਹੁੰਚ ਤੱਕ ਪਹੁੰਚ ਸਕਦਾ ਹੈ ?

ਮਾਰਕਸ ਅਨੁਸਾਰ, ਸਮਾਜਵਾਦ ਨੇ ਮਨੁਖ ਦੀਆਂ ਅਸਲੀ ਬਾਹਰਮੁਖੀ ਲੋੜਾਂ ਦੀ ਪੂਰਤੀ ਕਰਨੀ ਹੈ, ਅਤੇ ਇਸੇ ਲਈ ਪੈਦਾਵਾਰ ਮੁਨਾਫੇ ਨੂੰ ਮੁਖ ਰੱਖ ਕੇ ਨਹੀਂ, ਸਗੋਂ ਮਨੁੱਖ ਦੀ ਸੇਵਾ ਨੂੰ ਮੁਖ ਰੱਖ ਕੇ ਕੀਤੀ ਜਾਣੀ ਹੈ। ਅੱਜ ਪੂੰਜੀਵਾਦ ਬਣਾਉਟੀ ਲੋੜਾਂ ਉਪਜਾਂਦਾ, ਇਨ੍ਹਾਂ ਨੂੰ ਪਰਚਾਰਦਾ ਤੇ ਇਸ ਤਰ੍ਹਾਂ ਇਨ੍ਹਾਂ ਨੂੰ ਲੁਟ-ਖਸੁਟ ਦੇ ਵਸੀਲੇ ਬਣਾਉਂਦਾ ਹੈ।

## ਸਾਂਝੀਵਾਲਤਾ ਦਾ ਮਨੋਰਥ

ਕਾਰਲ ਮਾਰਕਸ ਤਾਂ ਮਨੁੱਖ ਦੀ ਬੰਧਨ-ਮੁਕਤੀ ਦਾ ਝੰਡਾ-ਬਰਦਾਰ ਹੈ। ਉਹਦੇ ਸਾਹਮਣੇ ਕੇਵਲ ਆਰਥਕ ਮਨੁੱਖ ਹੀ ਨਹੀਂ, ਉਹਦੇ ਸਾਹਮਣੇ ਤਾਂ ਸਮੁੱਚਾ ਮਨੁੱਖ (ਟੋਟਲ ਮੈਨ) ਹੈ। ਮਾਰਕਸ ਤਾਂ ਮਨੁੱਖ ਦੀ ਸਮੁੱਚਤਾ ਵਿਚ, ਉਹਦੀ ਸੰਪੂਰਨਤਾ ਵਿਚ ਹੀ ਉਹਦੇ ਵਿਕਾਸ ਦੀ ਗੱਲ ਕਰਦਾ ਹੈ। ਇਸੇ ਲਈ ਮਾਰਕਸ ਜਦੋਂ ਪੂੰਜੀਵਾਦ ਉੱਪਰ ਧਾਵਾ ਬੋਲਦਾ ਹੈ ਤਾਂ ਉਹਦੇ ਸਾਹਮਣੇ ਇਸ ਪ੍ਰਣਾਲੀ ਦੀ ਧੰਨ ਦੀ ਵੰਡ ਦਾ ਮਸਲਾ ਨਹੀਂ ਹੁੰਦਾ, ਸਗੋਂ ਕਿਰਤ ਦਾ ਉਹ ਰੂਪ ਹੁੰਦਾ ਹੈ ਜੋ ਮਜਬੂਰੀ ਦੀ ਚੀਜ਼ ਬਣੀ ਹੋਈ ਹੁੰਦੀ ਹੈ ਅਤੇ ਜਿਹੜੀ ਕਾਮੇ ਨੂੰ ਬੇਗਾਨਗੀ (ਏਲੀਅਨੇਸ਼ਨ) ਦਾ ਸ਼ਿਕਾਰ ਬਣਾਉਂਦੀ ਹੈ, ਮਨੁੱਖ ਨੂੰ ਆਤਮਕ ਤੌਰ ਤੇ ਅਪੰਗ ਬਣਾ ਦਿੰਦੀ ਹੈ। ਆਮਦਨਾਂ ਦੀ ਬਰਾਬਰੀ ਦੇ ਪ੍ਰਸੰਗ ਵਿਚ ਵੀ ਜਿਸਦਾ ਮੁਦਈ ਪਰੌਧਨ ਸੀ, ਕਾਰਲ ਮਾਰਕਸ ਦਾ ਕਥਨ ਧਿਆਨਯੋਗ ਹੈ। "ਆਮਦਨਾਂ ਦੀ ਬਰਾਬਰੀ ਵੀ ਜਿਸਦੀ ਮੰਗ ਪਰੌਧਨ ਕਰਦਾ ਹੈ, ਅਜਵੰ ਕਾਮੇ ਦੇ ਆਪਣੇ ਕੰਮ ਵੱਲ ਸੰਬੰਧ ਨੂੰ ਕੰਮ ਵੱਲ ਸਾਰਿਆਂ ਮਨੁੱਖਾਂ ਦੇ ਸੰਬੰਧ ਵਿਚ ਹੀ ਤਬਦੀਲ ਕਰੇਗੀ। ਉਦੋਂ ਸਮਾਜ ਪੂੰਜੀਵਾਦ ਵਜੋਂ ਸਮਝਿਆ ਜਾਵੇਗਾ।"

ਇਸ ਤਰ੍ਹਾਂ ਕਾਰਲ ਮਾਰਕਸ ਨਿੱਜੀ ਪੂੰਜੀਪਤੀ ਜਾਂ ਰਾਜਕੀ ਪੂੰਜੀਵਾਦ ਵਿਚ ਕਿਰਤੀ ਦੀ ਬੇਗਾਨਗੀ ਵੱਲ ਉਚੇਚਾ ਧਿਆਨ ਦਿੰਦਾ ਹੈ। ਉਹ ਤਾਂ ਬੇਗਾਨਗੀ ਤੋਂ ਕਿਰਤ ਨੂੰ ਮੁਕਤ ਕਰਨ ਦਾ ਚਾਹਵਾਨ ਹੈ, ਪਰ "ਸਮਾਜਵਾਦੀ" ਦੇਸ਼ਾਂ ਵਿਚ ਮਾਰਕਸਵਾਦ ਦੇ ਸਾਰ ਨੂੰ ਛਿੱਕੇ

ਟੰਗ ਕੇ ਇਹਨੂੰ ਕੇਵਲ ਵਿਚਾਰਧਾਰਾ ਵਜੋਂ ਹੀ ਮਾਨਤਾ ਦਿੰਦੀ ਜਾਂਦੀ ਰਹੀ। ਮਾਰਕਸ ਦਾ ਨਾਂ ਰਟਿਆ ਜਾਂਦਾ ਰਿਹਾ ਪਰ ਕੰਮ ਉਹਦੇ ਚਿੰਤਨ ਦੇ ਉਲਟ ਹੁੰਦਾ ਰਿਹਾ। ਇਹ ਸਮਾਜਵਾਦ ਨਾ ਰਹਿ ਕੇ ਰਾਜਕੀ ਪੂੰਜੀਵਾਦ ਹੀ ਬਣਿਆਂ ਰਿਹਾ।

ਇਸਲਾਮ, ਈਸਾਈਮਤ ਅਤੇ ਸਿੱਖੀ ਵੀ ਅੱਜ, ਵੱਡੀ ਹੱਦ ਤੱਕ, ਵਿਚਾਰਧਾਰਾਵਾਂ ਬਣਕੇ ਹੀ ਰਹਿ ਗਈਆਂ ਹਨ ਜੋ ਜੀਵਨ ਨਾਲ, ਮਨੁੱਖੀ ਪ੍ਰਕਿਰਿਆ ਨਾਲ ਜੁੜੀਆਂ ਹੋਈਆਂ ਨਹੀਂ, ਅਮਲੀ ਜੀਵਨ ਦੇ ਅੰਦਰ ਦੀਆਂ ਹੋਣ ਦੀ ਥਾਂ ਇਸ ਤੋਂ ਬਾਹਰਲੀਆਂ ਚੀਜ਼ਾਂ ਬਣਕੇ ਰਹਿ ਗਈਆਂ ਹਨ। ਜਿਵੇਂ ਗਾਂਧੀਵਾਦ ਕਾਂਗਰਸ ਦੀ ਇਕ ਵਿਚਾਰਧਾਰਾ ਵਜੋਂ ਹੀ ਬਾਕੀ ਹੈ, ਹਾਕਮਾਂ ਵਜੋਂ ਇਕ ਵਿਖਾਵੇ ਦੀ ਵਸਤੂ, ਕੁਵਰਤੋਂ ਦੀ ਵਸਤੂ, ਲੋਕਾਂ ਨੂੰ ਉਲੂ ਬਣਾਉਣ ਦਾ ਸਾਧਨ। ਕਹਿਣ ਦੀ ਵਸਤੂ, ਕਰਣੀ ਦੀ ਨਹੀਂ।

ਇਸੇ ਕਾਰਣ ਧਰਮ ਦਾ ਨੈਤਿਕ ਰੂਪ ਅਤੇ ਉੱਚੀਆਂ-ਸੁੱਚੀਆਂ ਕੀਮਤਾਂ ਖੰਭ ਲਾ ਕੇ ਉੱਡ ਪੁੱਡ ਗਈਆਂ ਹਨ। ਸੱਚ, ਇਮਾਨਦਾਰੀ, ਪਿਆਰ, ਮੁਹੱਬਤ, ਦਇਆ ਅਤੇ ਤਰਸ ਨੂੰ ਛਿੱਕੇ ਟੰਗ ਦਿੱਤਾ ਗਿਆ ਹੈ। ਅੱਜ ਇਨ੍ਹਾਂ ਨੂੰ ਲਾਂਭੇ ਰੱਖ ਕੇ ਵੀ 'ਧਰਮੀ' ਰਿਹਾ ਜਾ ਸਕਦਾ ਹੈ। ਇਸੇ ਲਈ ਲਕਾਂ ਨੂੰ ਪਿਆਰ ਕਰਨ ਵਾਲਾ ਈਸਾ ਜਿਹੜਾ ਆਪਣੇ ਲੋਕਾਂ ਨੂੰ ਪਿਆਰ ਕਰਨ ਸਦਕਾ ਹੀ, ਲੋਕਾਂ ਲਈ ਦਇਆ ਭਾਵਨਾ ਕਾਰਨ ਹੀ, ਵਕਤ ਦੇ ਹਾਕਮਾਂ ਨੇ ਸੂਲੀ ਟੰਗ ਦਿੱਤਾ, ਅੱਜ ਪੂਜਣ ਵਾਲੀ 'ਵਸਤੂ' ਬਣਕੇ ਹੀ ਰਹਿ ਗਿਆ ਹੈ; ਉਹਦੇ ਨਾਂ ਉੱਤੇ ਇਤਿਹਾਸ ਵਿਚ ਖ਼ੂਨ-ਖ਼ਰਾਬੇ ਹੁੰਦੇ ਰਹੇ, ਨਫ਼ਰਤ ਦਾ ਪ੍ਰਚਾਰ ਹੁੰਦਾ ਰਿਹਾ; ਗਰੀਬਾਂ ਦੇ ਏਸ ਮਸੀਹਾ ਦੇ ਨਾਂ ਉੱਤੇ ਬਾਦਸ਼ਾਹ ਤੇ ਸੰਪਤੀ-ਮਾਲਕ ਲੜਦੇ ਅਤੇ ਆਮ ਲੋਕਾਂ ਨੂੰ ਲੜਾਉਂਦੇ ਰਹੇ, ਲੋਭ-ਲਾਲਚ ਦੇ ਵੱਸ ਨਫ਼ਰਤ ਤੇ ਘਿਰਣਾ ਫੈਲਾਉਂਦੇ ਰਹੇ। ਸਾਡੇ ਆਪਣੇ ਇਤਿਹਾਸ ਵਿਚ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਨੇ ਤੇ ਅਨੇਕਾਂ ਸਿਦਕੀ ਸਿੱਖਾਂ ਨੇ ਸ਼ਾਂਤ ਰਹਿੰਦਿਆਂ, ਸਿਰੜ ਰੱਖਦਿਆਂ, ਸ਼ਹੀਦੀਆਂ ਪਾਈਆਂ, ਅਤੇ ਸਿੱਖੀ ਵਿਚ ਇਹ ਪ੍ਰੰਪਰਾ ਕਾਇਮ ਰਹੀ ਜਿਸ ਨੇ ਮੁੜ ਗੁਰਦਵਾਰਾ ਸੁਧਾਰ ਦੇ ਸਿਲਸਿਲੇ ਵਿਚ ਚੱਲੀ ਅਕਾਲੀ ਲਹਿਰ ਦੇ ਦੌਰਾਨ ਆਪਣੀ ਸਿਖਰ ਛੋਹੀ। ਗੁਰੂ ਕਾ ਬਾਗ ਅਤੇ ਜੈਤੋ ਦਾ ਮੋਰਚਾ, ਨਨਕਾਣਾ ਸਾਹਿਬ, ਆਦਿ, ਇਹਦੇ ਮੂੰਹ ਬੋਲਦੇ ਗਵਾਹ ਹਨ। ਪਰ ਸਿੱਖੀ ਸਪਿਰਟ ਦਾ ਇਹ ਸਰੂਪ ਅੱਜ ਕਿਥੇ ਹੈ? ਕੀ ਸਿੱਖੀ ਵੀ ਅੱਜ ਜੀਵਨ ਨਾਲੋਂ ਟੁੱਟੀ ਹੋਈ ਕੋਈ ਵਿਚਾਰਧਾਰਾ ਬਣਕੇ ਤਾਂ ਨਹੀਂ ਰਹਿ ਗਈ? ਸਿੱਖੀ ਅਸੂਲਾਂ ਤੇ ਮਰਿਆਦਾ ਦਾ ਧਾਰਣੀ ਕੋਈ ਸਾਹਿਤਕਾਰ ਇਸ ਪੱਖੋਂ ਅਵੇਸਲਾ ਰਹਿੰਦਿਆਂ ਗਗਨ-ਉਡਾਰੀਆਂ ਕਿਵੇਂ ਲਾ ਸਕਦਾ ਹੈ?

## ਚੇਤਨਾ ਇਕ ਸਮਾਜਕ ਉਪਜ

ਚੇਤਨਾ ਬਾਰੇ ਲੱਖਣੀਆਂ ਗੱਲਾਂ ਕਰਨ ਲੱਗਿਆਂ ਬੜਾ ਕੁਝ ਅਣਹੋਣਾ, ਇਸੇ ਲਈ, ਜੇ ਸਮਰਥਾ ਹੋਵੇ ਤਾਂ, ਸੋਹਣਾ ਵੀ ਬੋਲਿਆ, ਰਚਿਆ, ਸਿਰਜਿਆ ਜਾ ਸਕਦਾ ਹੈ। ਨਿਰੀ ਕਲਪਨਾ ਨੂੰ ਜਿਧਰ ਮਰਜ਼ੀ, ਬੇਮੁਹਾਰ ਮੋੜ ਕੇ ਦਿਸ਼ਾਹੀਣ ਉਡਾਰੀਆਂ ਲਾਈਆਂ ਜਾ ਸਕਦੀਆਂ ਹਨ। ਪਰ ਯਥਾਰਥ ਨਾਲ, ਧਰਤੀ ਨਾਲ ਜੁੜੇ ਰਹਿਣ ਦਾ ਅਤੇ ਇਸ ਵਿਚ



ਪੈਰ ਗੱਡ ਕੇ ਉੱਡਣ ਦਾ ਆਪਣਾ ਹੀ ਰੰਗ, ਆਪਣਾ ਹੀ ਰਸ, ਆਪਣਾ ਹੀ ਆਨੰਦ ਹੁੰਦਾ ਹੈ। ਕ੍ਰਿਆਸ਼ੀਲ ਮਨੁੱਖ ਹੀ ਆਪਣੇ ਸੰਕਲਪਾਂ ਅਤੇ ਵਿਚਾਰਾਂ ਨੂੰ ਜਨਮ ਦਿੰਦੇ ਹਨ, ਮਨੁੱਖਾਂ ਦੀ ਪਦਾਰਥਕ ਕਾਰਜਕਤਾ ਅਤੇ ਆਪਸੀ ਪਦਾਰਥਕ ਵਰਤੋਂ ਵਿਹਾਰ ਤੇ ਪ੍ਰਸਪਰ ਮੇਲ-ਜੋਲ ਹੀ ਸੰਕਲਪਾਂ, ਵਿਚਾਰਾਂ ਅਤੇ ਚੇਤਨਾ ਦਾ ਨਿਰਮਾਣ ਕਰਦੇ ਹਨ, ਪ੍ਰਸਪਰ ਕਿਰਿਆ ਤੇ ਮੇਲ-ਜੋਲ ਹੀ ਤਾਂ ਅਸਲੀ ਜੀਵਨ ਦੀ ਭਾਸ਼ਾ ਹੁੰਦੇ ਹਨ। ਭਾਸ਼ਾ ਦਾ ਜਨਮ ਵੀ ਤਾਂ ਦੂਜੇ ਆਦਮੀਆਂ ਨਾਲ ਮੇਲ-ਮਿਲਾਪ ਦੀ ਅਵਸ਼ਕਤਾ ਤੋਂ ਹੋਇਆ ਸੀ, ਅਤੇ ਇਹੋ ਗੱਲ ਚੇਤਨਾ ਦੇ ਜਨਮ ਤੇ ਵਿਕਾਸ ਬਾਰੇ ਵੀ ਆਖੀ ਜਾ ਸਕਦੀ ਹੈ। ਚੇਤਨਾ ਤਾਂ ਆਪਣੇ ਜਨਮ ਤੋਂ ਹੀ ਸਮਾਜਕ ਉਪਜ ਹੈ, ਕਿਉਂਜੁ ਇਹ ਜਿਸ 'ਰਿਸ਼ਤੇ' ਨੂੰ ਪ੍ਰਗਟਾਉਂਦੀ ਹੈ, ਉਹ ਕੇਵਲ ਮਨੁੱਖਾਂ ਵਿਚਕਾਰ ਹੀ ਹੁੰਦਾ ਹੈ, ਜਾਨਵਰਾਂ ਵਿਚਕਾਰ ਨਹੀਂ। ਜਾਨਵਰਾਂ ਦਾ ਆਪਸੀ ਸੰਬੰਧ ਰਿਸ਼ਤੇ ਵਾਲਾ ਸੰਬੰਧ ਨਹੀਂ, 'ਰਿਸ਼ਤਾ' ਤਾਂ ਬੱਸ ਸਾਡੇ ਮਨੁੱਖਾਂ ਦੀ ਹੀ ਵਸਤੂ ਹੈ, ਇਹ ਸਾਡੇ ਲਈ ਹੀ ਹੈ, ਮੇਰੇ ਤੇ ਤੁਹਾਡੇ ਲਈ। ਪਸ਼ੂ-ਜਗਤ ਵਿਚ ਪ੍ਰਵਿਰਤੀ ਅਰਥਾਤ ਅੰਤਰ-ਪ੍ਰੇਰਣਾ (ਇੰਸਟਿੰਕਟ) ਕੰਮ ਕਰਦੀ ਹੈ, ਜੀਹਨੇ ਬਣ-ਮਾਨਸ ਤੋਂ ਮਾਨਸ ਬਣਨ ਤੱਕ ਦੀ ਵਿਕਾਸ-ਕ੍ਰਿਆ ਵਿਚ ਵਿਕਸਤ ਹੁੰਦਿਆਂ ਅੰਤਰ-ਪ੍ਰੇਰਣਾ ਨੇ ਚੇਤਨ-ਰੂਪ ਧਾਰਣ ਕਰ ਲਿਆ ਹੈ; ਇਹ ਵਿਕਸਤ ਹੁੰਦਿਆਂ ਚੇਤਨਾ ਬਣ ਗਈ।

## ਸੰਕਲਪ ਤੇ ਵਿਚਾਰ

ਕਾਰਲ ਮਾਰਕਸ ਅਨੁਸਾਰ ਤਾਂ ਸਮਾਜਕ ਬਣਤ ਹੀ ਵੱਖ-ਵੱਖ ਸੰਕਲਪਾਂ ਤੇ ਵਿਚਾਰਾਂ ਨੂੰ ਜਨਮ ਦਿੰਦੀ ਹੈ। ਇਸੇ ਲਈ, ਅਸੀਂ ਵੇਖਦੇ ਹਾਂ, ਵੱਖ-ਵੱਖ ਜੁੱਗਾਂ ਵਿਚ ਵੰਨ-ਸੁਵੰਨੇ ਸੰਕਲਪ ਜਨਮ ਲੈਂਦੇ ਹਨ। ਉਦਾਹਰਣ ਸਰੂਪ, ਕੁਲੀਨਤੰਤਰ ਦੀ ਪ੍ਰਬਲਤਾ ਦੇ ਜੁਗ ਵਿਚ ਆਨ, ਅਣਖ, ਵਫ਼ਾਦਾਰੀ, ਸਾਊ, ਜੈਂਟਲਮੈਨ, 'ਆਨਰ' ਅਤੇ 'ਸ਼ਿਵਲਰੀ', ਆਦਿ, ਸੰਕਲਪ ਪ੍ਰਗਟ ਹੋਏ; ਅਤੇ ਬੁਰਜੁਆਜ਼ੀ ਦੀ ਪ੍ਰਬਲਤਾ ਦੇ ਜੁਗ ਵਿਚ ਆਜ਼ਾਦੀ, 'ਲਿਬਰਟੀ' 'ਫ਼ਰੀਡਮ', ਬਰਾਬਰੀ, ਆਪਾ-ਨਿਰਣੇ, ਆਦਿ, ਸੰਕਲਪਾਂ ਦਾ ਬੋਲ-ਬਾਲਾ ਰਿਹਾ। ਅੱਜ ਅਸੀਂ ਵੇਖਦੇ ਹਾਂ, ਧਰਤੀ ਦੇ ਅਨੇਕਾਂ ਹਿੱਸਿਆਂ ਵਿਚ ਰਾਜਸੀ ਆਜ਼ਾਦੀ ਦੇ ਨਾਲ ਆਰਥਕ ਆਜ਼ਾਦੀ ਦਾ ਸੰਕਲਪ ਜ਼ੋਰ ਫੜ ਰਿਹਾ ਹੈ। ਸਾਡੇ ਦੇਸ਼ ਵਿਚ ਹਰ ਰੋਜ਼ ਸਮਾਜਕ ਨਿਆਂ ਦੀ ਗੱਲ ਹੁੰਦੀ ਹੈ।

ਸੰਖੇਪ ਵਿਚ, ਕਾਰਲ ਮਾਰਕਸ ਵੀ ਗੌਤਮ ਬੁਧ ਵਾਂਗ ਚਾਰ ਸੁਨਹਿਰੀ ਅਸੂਲ ਪੇਸ਼ ਕਰਦਾ ਹੈ: ਦੁਨੀਆਂ ਵਿਚ ਦੁਖ ਤੇ ਅੱਤਿਆਚਾਰ ਹੈ, ਇਹਦਾ ਕਾਰਨ ਹੈ, ਇਹਨੂੰ ਦੂਰ ਕਰਨ ਦੀ ਲੋੜ ਹੈ, ਅਤੇ ਇਹਨੂੰ ਦੂਰ ਕਰਨ ਦਾ ਢੰਗ ਹੈ। ਕਾਰਲ ਮਾਰਕਸ ਦਾ ਸਿਧਾਂਤ, ਅਸਲ ਵਿਚ, ਮਨੁੱਖ ਤੇ ਮਨੁੱਖ ਵਿਚਕਾਰ, ਮਨੁੱਖ ਤੇ ਪ੍ਰਕਿਰਤੀ ਵਿਚਕਾਰ ਪੈ ਚੁੱਕੇ ਪਾੜੇ ਨੂੰ ਭਰਨ ਦਾ, ਹਰ ਵਿਅਕਤੀ ਦੀਆਂ ਬਾਹਰਮੁਖੀ ਲੋੜਾਂ ਪੂਰੀਆਂ ਕਰਨ ਦਾ ਅਤੇ ਇਹਦੇ ਫਲਸਰੂਪ ਉਹਨੂੰ ਆਤਮਿਕ ਤੌਰ ਤੇ ਅਮੀਰ ਬਣਾਉਣ ਦਾ, ਉਹਦੇ ਅੰਦਰ ਨੇਹੁੰ ਅਤੇ ਦਇਆ ਉਪਜਾਣ ਦਾ ਸਿਧਾਂਤ ਹੈ।

ਆਪਣੇ ਇਸ ਲੇਖ ਦਾ ਭੋਗ ਮੈਂ ਇਨ੍ਹਾਂ ਸ਼ਬਦਾਂ ਨਾਲ ਪਾਉਣਾ ਚਾਹਾਂਗਾ ਕਿ ਮਾਰਕਸਵਾਦੀ ਸਿਧਾਂਤ ਵੱਲ ਸਾਡੀ ਵਫ਼ਾਦਾਰੀ ਸਾਡੀ ਉਡਾਣ ਦੀ ਬਾਧਕ ਨਹੀਂ ਬਣਦੀ,

ਇਹ ਤਾਂ ਸਗੋਂ ਸਾਨੂੰ ਮਾਰਗ ਦਰਸਾਉਣ ਵਿਚ ਹੀ ਸਹਾਈ ਹੁੰਦੀ ਹੈ, ਕਿਉਂਜੁ ਮਾਰਕਸਵਾਦ ਵਿਕਸਤ ਸੰਪੂਰਨ ਮਨੁੱਖ ਨੂੰ, ਬੰਧਨ-ਮੁਕਤ ਮਨੁੱਖ ਨੂੰ ਨਿਰੂਪਦਾ ਹੈ। ਇਹਦਾ ਉਦੇਸ਼ ਗੰਵਾਰੂ ਕਿਸਮ ਦੀ ਸਾਂਝੀਵਾਲਤਾ ਨਹੀਂ। ਇਹ ਤਾਂ ਅਸਲੋਂ ਹੀ ਆਤਮਕ ਹੈ ਕਿਉਂਜੁ ਹੱਕ, ਇਨਸਾਫ਼, ਸਮਾਨਤਾ, ਅਤੇ ਸਰਬ-ਵਿਆਪਕਤਾ ਵਰਗੇ ਤੱਤ ਇਸ ਦਾ ਸੁਭਾਵਕ ਖ਼ਾਸਾ ਹਨ। ਸਾਡਾ ਧੰਨਾ ਭਗਤ ਵੀ ਤਾਂ ਨਾਮ ਜਪਣ ਤੋਂ ਪਹਿਲਾਂ, ਆਤਮਕ ਉਚਾਈਆਂ ਵੱਲ ਵਧਣ ਤੋਂ ਪਹਿਲਾਂ ਰੱਜ ਕੇ ਰੋਟੀ ਖਾਣ ਦੀ ਮੰਗ ਕਰਦਾ ਹੈ। ਅਵੱਸ਼ਕ ਲੋੜਾਂ ਦੀ ਪੂਰਤੀ ਤੋਂ ਬਿਨਾਂ ਲੋਕ ਆਤਮਕ ਪ੍ਰਸੰਨਤਾ ਦੀਆਂ ਪੌੜੀਆਂ ਚੜ੍ਹ ਹੀ ਨਹੀਂ ਸਕਦੇ।

ਪੂੰਜੀਵਾਦ ਨੇ ਮਨੁੱਖ ਨੂੰ ਖ਼ੁਦਗਰਜ਼ੀ ਦੀ ਦਲਦਲ ਵਿਚ ਸੁੱਟਿਆ ਹੋਇਆ ਹੈ। ਉਹ ਖ਼ੁਦ ਆਪਣੇ ਨਾਲੋਂ, ਅਤੇ ਹੋਰਨਾਂ ਨਾਲੋਂ ਵਿਯੋਗਿਆ ਹੋਇਆ ਹੈ, ਉਹ ਪਦਾਰਥਕ ਬਣ ਚੁਕਿਆ ਹੋਇਆ ਹੈ, ਖਿੰਡ ਚੁਕਿਆ ਹੋਇਆ ਹੈ। ਪੂੰਜੀਵਾਦੀ ਮੰਡੀ ਵਿਚ ਉਹਦੇ ਹੱਥਾਂ ਤੇ ਦਿਮਾਗ ਦੀ ਕਿਰਤ ਹੀ ਨਹੀਂ ਵਿਕਦੀ, ਉਹਦਾ ਇਖ਼ਲਾਕ ਵੀ ਵਿਕਦਾ ਹੈ, ਉਹਦੀ ਨੈਤਿਕ ਸ਼ਕਤੀ ਵੀ ਵਿਕਦੀ ਹੈ, ਉਹਦੀ ਆਤਮਾ ਤੱਕ ਵਿਕਦੀ ਹੈ। ਉਹ ਊਣਾ ਹੈ, ਸੱਖਣਾ ਹੈ, ਅਤੇ ਵੱਡਾ ਦੁੱਖ ਇਹ ਕਿ ਉਹ ਇਸ ਪੱਖੋਂ ਅਣਜਾਣ ਹੈ, ਅਗਿਆਨੀ ਹੈ। ਪੂੰਜੀਵਾਦੀ ਜੀਵਨ-ਹਾਲਤਾਂ ਵਿਚ ਉਹ ਮਸ਼ੀਨ ਬਣਦਾ ਜਾ ਰਿਹਾ ਹੈ, ਰੋਬਟ ਬਣਦਾ ਜਾ ਰਿਹਾ ਹੈ। ਮਾਰਕਸਵਾਦ ਨੇ ਮਨੁੱਖ ਨੂੰ ਉਸਦੇ ਸਾਰ ਵੱਲ ਪਰਤਾਉਣਾ ਹੈ, ਉਹਨੂੰ ਉਹਦੇ ਸਾਰ ਦੀ, ਆਪੇ ਦੀ, ਆਤਮ ਦੀ ਪਛਾਣ ਕਰਵਾਉਣੀ ਹੈ। ਮਨੁੱਖ ਨੂੰ ਮਨੁੱਖ ਨਾਲ, ਪ੍ਰਕਿਰਤੀ ਨਾਲ ਇਕਸੁਰ ਕਰਨਾ ਹੈ। ਫਲ-ਸਰੂਪ, ਉਹਨੂੰ ਮਸ਼ੀਨ ਬਣਨੋ, ਰੋਬਟ ਬਣਨੋ ਬਚਾਉਣਾ ਹੈ; ਉਹਨੂੰ ਉਹਦੀ ਆਤਮਾ ਮੋੜਨੀ ਹੈ, ਉਹਨੂੰ ਉਹਦਾ ਸਾਰ ਮੋੜਨਾ ਹੈ। ਗੱਲ ਕੀ, ਮਨੁੱਖ ਨੂੰ ਪਦਾਰਥਕ ਤੋਂ ਆਤਮਕ ਤੱਕ ਉੱਪਰ ਚੁੱਕਣਾ ਹੈ।

ਅੰਤ ਵਿਚ, ਮੈਂ ਇਹੋ ਕਹਿਣਾ ਚਾਹਾਂਗਾ ਕਿ ਕਿਸੇ ਕਵੀ ਜਾਂ ਕਲਾਕਾਰ ਦਾ ਮੁੱਲ ਉਹਦੀ ਹਲਕੀ ਰਚਨਾ ਤੋਂ ਨਹੀਂ ਸਗੋਂ ਵਧੀਆ ਰਚਨਾ ਤੋਂ ਹੀ ਪਿਆ ਕਰਦਾ ਹੈ। ਕਵਿਤਾ ਦਾ ਰੰਗ ਅਧਿਆਤਮਕ ਹੈ ਜਾਂ ਸੰਸਾਰਕ, ਇਹ ਗੱਲ ਵੀ ਕਾਵਿ ਦੀ ਉਤਮਤਾ ਦੇ ਪ੍ਰਸੰਗ ਵਿਚ ਥੱਲੇ ਰਹਿ ਜਾਂਦੀ ਹੈ। ਹਾਂ, ਏਨਾ ਜ਼ਰੂਰ ਹੈ ਕਿ ਕਵੀ ਦਾ ਮੂੰਹ ਲੋਕਾਂ ਵੱਲ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਜੇ ਹਰਿੰਦਰ ਸਿੰਘ ਮਹਿਬੂਬ ਨੇ ਬੀਤੇ ਦੇ ਪੰਜਾਬ ਨੂੰ ਹੀ ਗੰਵਿਆਂ ਹੈ, ਇਹਦੀ ਸ਼ਕਤੀ ਨੂੰ ਨਿਰੂਪਿਆ ਹੈ, ਬੀਤੇ ਦੇ ਮਨ ਵਿਚ ਝਾਕਿਆ ਹੈ ਅਤੇ ਸੁਹਜ ਸਵਾਦ ਤੇ ਸਰੋਦੀ ਰੰਗ ਨੂੰ, ਜੋ ਕਾਵਿ ਦੇ ਲਾਜ਼ਮੀ ਅੰਸ਼ ਹੁੰਦੇ ਹਨ, ਆਪਣੇ ਸ਼ਬਦਾਂ ਵਿਚ ਰਚਾਇਆ-ਵਸਾਇਆ ਹੈ, ਧਰਤੀ ਨਾਲ ਮੋਹ ਜਗਾਇਆ ਹੈ, ਤਦ ਉਹਦੀ ਇਸੇ ਦੇਣ ਨੂੰ ਮੁੱਖ ਰੱਖ ਕੇ, ਉਹਨੇ ਜੋ ਰਚਿਆ ਹੈ, ਉਹਦੇ ਆਧਾਰ ਉਤੇ ਹੀ ਇਕ ਕਵੀ ਵਜੋਂ ਉਹਦਾ ਮੁੱਲ ਪੈਣਾ ਬਣਦਾ ਹੈ। ਜਿਥੋਂ ਤੱਕ ਸਾਹਿਤ ਅਕਾਦਮੀ ਦੇ ਇਨਾਮ ਦਾ ਸੰਬੰਧ ਹੈ, ਇਹ ਇਨਾਮ ਰਚਨਾ ਨੂੰ ਮਿਲਦਾ ਹੁੰਦਾ ਹੈ, ਨਾ ਕਿ ਇਕ ਦੋ, ਜਾਂ ਕੁਝ ਵੱਧ ਕਵਿਤਾਵਾਂ ਨੂੰ ਮੁੱਖ ਰੱਖ ਕੇ, ਜੋ ਹਲਕੀਆਂ ਹੋਣ ਦੇ ਨਾਲ-ਨਾਲ ਕੁਝ ਵਿਅਕਤੀਆਂ ਦੇ ਸੰਬੰਧ ਵਿਚ ਘਟੀਆ ਸਵਾਦ ਦੀਆਂ ਵੀ ਸੂਚਕ ਹੋ ਸਕਦੀਆਂ ਹਨ। ਇਸੇ ਲਈ ਅਜੇਹੀਆਂ ਕੁਝ ਇਕ ਕਵਿਤਾਵਾਂ ਸੰਬੰਧੀ ਰੌਲਾ ਤੇ ਸ਼ੋਰ ਮੇਰੇ ਖ਼ਿਆਲ ਵਿਚ ਨਿਰਮੂਲ ਹੈ।

O





## ਤੂੰ ਆ ਤਾਂ ਸਹੀ/ਅਜਾਇਬ ਸਿੰਘ ਹੁੰਦਲ

ਤੂੰ ਆ ਤਾਂ ਸਹੀ
ਤੈਨੂੰ ਅੰਬੀ ਦੇ ਉਸ ਬੂਟੇ ਹੇਠ ਬਿਠਾਵਾਂ
ਜਿਸ ਨੂੰ ਮੈਂ ਜਿੰਨੀ ਦੇਰ ਲਾਉਂਦਾ ਰਿਹਾ
ਤੂੰ ਮੋਹਨ ਸਿੰਘ ਦੀ ਕਵਿਤਾ ਪੜ੍ਹਦੀ ਰਹੀ।

ਤੇਰੇ ਬਗ਼ੈਰ ਉਸ ਬੂਟੇ ਦਾ ਕੋਈ ਅਰਥ ਨਹੀਂ
ਮੈਂ ਵੱਢਵਾ ਦੇਣ ਲੱਗਾ ਸਾਂ ਇਕ ਦਿਨ
ਪਰ ਉਸ ਦੇ 'ਸਾਵੇ ਪੱਤਰ'
ਮੇਰੇ ਹਰ ਜਜ਼ਬੇ ਤੇ ਹਾਵੀ ਹੋ ਗਏ।

ਆ ਤੇਰੇ ਪੈਰਾਂ 'ਚ ਉਹ ਝਾਂਜਰਾਂ ਪਾ ਦਿਆਂ
ਜਿੰਨਾਂ ਨੂੰ ਖਰੀਦਣ ਦੀ ਫ਼ਰਮਾਇਸ਼
ਤੂੰ ਨੂਰ ਪੁਰੀ ਦਾ ਗੀਤ ਸੁਣ ਕੇ ਕੀਤੀ ਸੀ।
ਨੂਰ ਪੁਰੀ ਦੀ ਬਰਸੀ ਵਾਲੇ ਦਿਨ
ਮੇਰਾ ਦਿਲ ਤਾਂ ਕੀਤਾ ਸੀ
ਉਹ ਝਾਂਜਰਾਂ ਵੀ ਉਸ ਖੂਹ 'ਚ ਸੁੱਟ ਦਿਆਂ
ਜਿਸ ਵਿਚ ਨੂਰ ਪੁਰੀ ਨੇ ਛਾਲ ਮਾਰੀ
ਪਰ ਝਾਂਜਰਾਂ ਸੁੱਟਣ ਲੱਗਿਆਂ
ਮੇਰਾ ਆਪਣਾ ਆਪ ਡਿੱਗ ਪੈਣਾ ਸੀ।

ਆ ਤੇਰੇ ਜਾਣ ਮਗਰੋਂ ਲਿਖੀ ਉਹ ਨਜ਼ਮ ਵੀ ਸੁਣਾਵਾਂ
ਜਿਸ ਨੂੰ ਲਿਖਦੇ ਲਿਖਦੇ
ਏਨਾ ਮੋਨਧਾਰੀ ਹੋ ਗਿਆ ਸਾਂ ਮੈਂ
ਕਿ ਹਰ ਗਲੀ ਮਹੱਲੇ 'ਚ ਨਸ਼ਰ ਹੋਣ ਲੱਗਾ
ਮੈਂ ਚਾਹੁੰਦਾ ਸਾਂ
ਉਸ ਨਜ਼ਮ ਨੂੰ ਜਲਾਵਤਨ ਕਰ ਦਿਆਂ
ਪਰ ਉਸ ਵਿਚਲੇ ਇਸ ਸੱਚ ਨੇ ਰੋਕ ਲਿਆ
'ਕੋਈ ਕਿੰਨਾ ਵੀ ਖਾਮੋਸ਼ ਕਿਉਂ ਨਾ ਹੋ ਜਾਵੇ
ਉਸ ਦੀ ਚੁੱਪ ਬੋਲ ਪੈਂਦੀ ਹੈ।'

ਆ ਤੈਨੂੰ ਉਸ ਨਾਲ ਵੀ ਮਿਲਾਵਾਂ
ਜਿਸ ਨੂੰ ਨਾਂ ਦਿੰਦਿਆਂ

ਕਦੇ ਤੇਰੇ ਅਰਥ ਬਦਲ ਜਾਂਦੇ ਸਨ
ਕਦੇ ਮੇਰੇ ਅਰਥ ਬਦਲ ਜਾਂਦੇ ਸਨ
ਪਰ ਜਦ ਤੋਂ
ਉਸ ਨੇ ਆਪਣਾ ਨਾਂ ਆਪ ਰੱਖ ਲਿਆ ਹੈ
ਨਾ ਤੇਰੇ ਅਰਥ ਬਦਲੇ ਨੇ
ਨਾ ਮੇਰੇ ਅਰਥ ਬਦਲੇ ਨੇ......।

—276-ਅਕਾਸ਼ ਐਵਨਿਊ ਫਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ

○

## ਗ਼ਜ਼ਲ/ਸੁਰਜੀਤ ਜੱਜ

ਬਾਗ ਦੇ ਪਿੰਡੇ ਤੋਂ ਕਾਲੀ ਰੁੱਤ ਦੇ, ਜ਼ਿੰਦਗੀ ਭਰ ਦਾਗ ਤੱਕਣੇ ਪੈਣਗੇ,
ਖ਼ੁਸ਼ਬੂਆਂ ਦੀ ਥਾਂ ਤੁਹਾਨੂੰ ਸਾਂਭ ਕੇ, ਮੌਸਮ ਦੇ ਦੰਭ ਰੱਖਣੇ ਪੈਣਗੇ।

ਤਿਤਲੀਆਂ ਦੇ ਨਾਲ ਜੇ ਨਾ ਨਿਭ ਸਕੇ, ਬਿੱਛੂਆਂ ਦੇ ਨਾਲ ਫਿਰ ਨਿਭਣਾ ਪਊ,
ਬੇਵਸੀ ਦਾ ਜ਼ਹਿਰ ਜੇ ਸਾਂਭੀ ਗਏ, ਆਪਣੇ ਸੁਪਨੇ ਵੀ ਡੰਗਣੇ ਪੈਣਗੇ।

ਖੰਡਰਾਂ ਵਿਚੋਂ ਘਰਾਂ ਤੱਕ ਪਹੁੰਚ ਕੇ, ਪੈੜ ਕਬਰਾਂ ਵੱਲ ਜਿਨ੍ਹਾਂ ਦੀ ਮੁੜੇ,
ਸਹਿਮੀਆਂ ਜੂਹਾਂ 'ਚ ਓਨ੍ਹਾਂ ਦੇ ਖੁਰੇ, ਅੱਜ ਨਈਂ ਤਾ ਕੱਲ੍ਹ ਨੱਪਣੇ ਪੈਣਗੇ।

ਚੇਤ-ਰੁੱਤੇ ਵੀ ਹਮੇਸ਼ਾਂ ਸਰਕੜਾ, ਜੇ ਤੁਹਾਡੀ ਸੋਚ ਤੇ ਭਾਰੂ ਰਿਹਾ,
ਮੁੱਦਤਾਂ ਤੱਕ ਕੰਡ ਵਰਗੇ ਹਾਦਸੇ, ਸਿੱਲੀਆਂ ਪਲਕਾਂ 'ਚ ਟੰਗਣੇ ਪੈਣਗੇ।

ਖ਼ੂਨ, ਪਾਣੀ, ਪੌਣ, ਮਿੱਟੀ, ਧੁੱਪ ਦੀ, ਜੇ ਤੁਸੀਂ ਤਾਸੀਰ ਨਾ ਸਾਂਭੀ ਹੁਣੇ,
ਦਲਦਲਾਂ ਵਿਚੋਂ ਤੁਹਾਡੀ ਨਸਲ ਨੂੰ, ਫਿਰ ਤੁਹਾਡੇ ਨਕਸ਼ ਲੱਭਣੇ ਪੈਣਗੇ।

ਜੋ ਤੁਸੀਂ ਇਤਿਹਾਸ ਸਿਰਜਣ ਦੇ ਕਰੋ, ਅਹਿਦ ਇਹੋ ਜਦ ਬੇਦਾਵੇਂ ਬਣਨਗੇ,
ਆਪ ਹੀ ਆਪਣੀ ਸ਼ਨਾਖ਼ਤ ਦੇ ਉਦੋਂ, ਵਿਹੜਿਆਂ 'ਚੋਂ ਬੋਹੜ ਪੁੱਟਣੇ ਪੈਣਗੇ।

ਜੇ ਘਰਾਂ ਵਿਚੋਂ ਹੁੰਗਾਰੇ ਦੀ ਜਗ੍ਹਾ, ਚੀਖ਼ ਹੀ ਮੁੜਦੀ ਰਹੀ, ਤਾਂ ਚੀਖ਼ ਕੇ,
ਖੰਡਰਾਂ ਦੇ ਦਸਤਕਾਂ ਤਾਈਂ ਪਤੇ, ਆਪ ਹੀ ਬੂਹਿਆਂ ਨੂੰ ਦੱਸਣੇ ਪੈਣਗੇ।

ਸੇਕ ਜਿਹਦੇ 'ਚੋਂ ਅਸੀਂ 'ਸੁਰਜੀਤ' ਹਾਂ, ਚਿਣਗ ਉਹੋ ਜੇ ਬੁਝਾ ਦਿੱਤੀ ਤੁਸੀਂ,
ਕੀ ਬਣੇਗਾ ਹਓਂ ਤੁਹਾਡੀ ਦਾ ਜਦੋਂ ਜੁਗਨੂੰਆਂ ਤੋਂ ਨਿੱਘ ਮੰਗਣੇ ਪੈਣਗੇ।

ਬੀ-62, ਗਰੀਨ ਪਾਰਕ ਫਗਵਾੜਾ





# ਨਵ ਉਸਾਰੀ

ਜਸਵੰਤ ਸਿੰਘ ਵਿਰਦੀ

ਸਮੇਂ ਦੇ ਸੁਨਹਿਰੀ ਪੰਛੀ ਨੇ ਬਾਗ਼ ਦੇ ਉੱਪਰ ਇਕ ਚੱਕਰ ਲਾਇਆ ਤਾਂ ਉਹਨੂੰ ਹਰ ਪਾਸੇ ਸੁੰਨ ਵੀਰਾਨੀ ਨਜ਼ਰ ਆਈ। ਉਹਦਾ ਮਨ ਡਾਢਾ ਦੁਖੀ ਹੋਇਆ।

ਦਸੰਬਰ ਦਾ ਚੌਥਾ ਹਫਤਾ ਚਲ ਰਿਹਾ ਸੀ। ਹਰ ਪਾਸੇ ਗੋੜ੍ਹਿਆਂ ਵਰਗੀ ਸਫੇਦ ਬਰਫ ਡਿਗ ਰਹੀ ਸੀ। ਘਰਾਂ ਉੱਪਰ ਬਰਫ, ਬਾਗ਼ਾਂ ਵਿਚ ਬਰਫ ਅਤੇ ਫੁੱਲਾਂ ਬੂਟਿਆਂ ਉੱਪਰ ਵੀ ਬਰਫ ਹੀ ਜੰਮਦੀ ਜਾ ਰਹੀ ਸੀ। ਜਿਸ ਨਾਲ ਸਭ ਕੁਝ ਸਫੇਦ ਹੀ ਨਜ਼ਰ ਆ ਰਿਹਾ ਸੀ, ਜਿਵੇਂ ਹਰ ਪਾਸੇ ਕਫਨ ਵਿਛਿਆ ਹੋਵੇ।

ਇਸ ਤਰ੍ਹਾਂ ਦੇ ਮੌਸਮ ਵਿਚ ਕੋਈ ਵੀ ਬੰਦਾ ਘਰੋਂ ਬਾਹਰ ਨਹੀਂ ਸੀ ਨਿਕਲ ਰਿਹਾ। ਹਰ ਕੋਈ ਸੋਚ ਰਿਹਾ ਸੀ—'ਇਹ ਤਾਂ ਨਿਰੀ ਹੀ ਕਿਆਮਤ ਏ। ਇਸ ਤਰ੍ਹਾਂ ਦੇ ਬੇਦਰਦ ਦਿਨ ਤਾਂ ਕਦੀ ਨਹੀਂ ਸਨ ਆਏ।'

ਇਸ ਤਰ੍ਹਾਂ ਦੇ ਬਰਫੀਲੇ ਮੌਸਮ ਵਿਚ ਵੀ ਸਮੇਂ ਦਾ ਸੁਨਹਿਰੀ ਪੰਛੀ ਬਾਗ ਵਿਚ ਉਡਦਾ ਹੋਇਆ ਆਪਣੇ ਬੈਠਣ ਵਾਸਤੇ ਕਿਤੇ ਥਾਂ ਲੱਭ ਰਿਹਾ ਸੀ। ਬਾਗ ਦੀ ਸੁੰਨਤਾ ਵੇਖਕੇ ਉਹ ਪਰੇਸ਼ਾਨ ਵੀ ਸੀ।

ਹੋਰ ਬਹੁਤ ਸਾਰੇ ਪੰਛੀ ਬਰਫ ਦੇ ਗੋੜ੍ਹਿਆਂ ਉੱਪਰ ਸੁੰਗੜੇ ਬੈਠੇ ਸਨ। ਉਨ੍ਹਾਂ ਦੇ ਸਰੀਰ ਸੁੰਨ ਹੁੰਦੇ ਜਾ ਰਹੇ ਸਨ, ਗੀਤ ਮੁੱਕ ਗਏ ਸਨ ਅਤੇ ਅੱਖਾਂ ਮੁੰਦਦੀਆਂ ਜਾ ਰਹੀਆਂ ਸਨ। ਪਰ ਸਮੇਂ ਦਾ ਸੁਨਹਿਰੀ ਪੰਛੀ ਉਨ੍ਹਾਂ ਪੰਛੀਆਂ ਨਾਲ ਬੈਠਕੇ ਨਿੱਸਲ ਨਹੀਂ ਸੀ ਹੋਣਾ ਚਾਹੁੰਦਾ। ਉਹ ਆਪਣੇ ਬੈਠਣ ਲਈ ਕੋਈ ਵੱਖਰੀ ਥਾਂ ਲੱਭ ਰਿਹਾ ਸੀ। ਕੋਈ ਅਜਿਹੀ ਥਾਂ ਜਿਥੇ ਜ਼ਿੰਦਗੀ ਨਿੱਸਲ ਨਾ ਹੋ ਗਈ ਹੋਵੇ। ਫੁੱਲਾਂ ਵਿਚ ਜਾਨ ਹੋਵੇ ਅਤੇ ਉਹ ਬਰਫੀਲੇ ਮੌਸਮ ਵਿਚ ਵੀ ਡਟੇ ਹੋਏ ਹੋਣ। ਬਰਫੀਲੇ ਦਿਨਾਂ ਦਾ ਕੀ ਹੈ, ਉਹ ਤਾਂ ਬੀਤ ਹੀ ਜਾਂਦੇ ਨੇ।

ਸਮੁੱਚੇ ਬਾਗ਼ ਦਾ ਚੱਕਰ ਲਾ ਕੇ ਸਮੇਂ ਦੇ ਸੁਨਹਿਰੀ ਪੰਛੀ ਨੇ ਇਕ ਗੁਲਾਬ ਦਾ ਰੁੰਡ ਮੁੰਡ ਬੂਟਾ ਵੇਖਿਆ ਜਿਸ ਨਾਲ ਕੇਵਲ ਇਕੋ ਹੀ ਸਫੇਦ ਰੰਗ ਦਾ ਫੁੱਲ ਲੱਗਾ ਹੋਇਆ ਸੀ। ਬਾਕੀ ਉਹਦੇ ਨਾਲ ਸਾਰੇ ਕੰਡੇ ਹੀ ਸਨ। ਸੁਨਹਿਰੀ ਪੰਛੀ ਨੂੰ ਉਸ ਰੁੰਡ ਮੁੰਡ ਗੁਲਾਬ ਦੇ ਬੂਟੇ ਨੇ ਆਪਣੇ ਵੱਲ ਖਿੱਚ ਲਿਆ।

ਗੁਲਾਬ ਦਾ ਉਹ ਸਫੇਦ ਫੁੱਲ ਵੀ ਦੂਰੋਂ ਵੇਖਿਆਂ ਬਰਫ ਦਾ ਗੋੜ੍ਹਾ ਹੀ ਜਾਪਦਾ ਸੀ। ਪਰ ਨਹੀਂ, ਉਹ ਫੁੱਲ ਹੀ ਸੀ। ਉਸ ਦਾ ਰੰਗ ਉਸ ਬੂਟੇ ਨੂੰ ਉਦਾਸੀ ਦਾ ਪ੍ਰਭਾਵ ਦੇ ਰਿਹਾ ਸੀ। ਉਹ ਪੱਤਝੜ ਦਾ ਸਾਕਾਰ ਰੂਪ ਸੀ।

ਸਮੇਂ ਦੇ ਸੁਨਹਿਰੀ ਪੰਛੀ ਨੇ ਦੂਰੋਂ ਹੀ ਉਸ ਬੂਟੇ ਨੂੰ ਵੇਖਕੇ ਕਿਹਾ—'ਚਿੰਤਾ ਨਾ ਕਰ, ਮੈਂ ਤੇਰੀ ਸਾਰ ਲਵਾਂਗਾ, ਤੇ ਤੂੰ ਅਮਰ ਹੋ ਜਾਵੇਂਗਾ।'

'ਪਰ ਕਿਵੇਂ ?' ਫੁੱਲ ਨੇ ਪੁੱਛਿਆ ਤਾਂ ਪੰਛੀ ਬੋਲਿਆ—'ਇਹ ਮੈਂ ਤੈਨੂੰ ਆਪਣੇ ਅਮਲ ਨਾਲ ਦੱਸਾਂਗਾ।'

'ਮੈਂ ਡਾਢਾ ਦੁਖੀ ਹਾਂ।' ਗੁਲਾਬ ਨੇ ਕਿਹਾ ਤਾਂ ਪੰਛੀ ਬੋਲਿਆ—'ਤਦ ਵੀ ਕੋਈ ਗੱਲ ਨਹੀਂ।'

'ਮੇਰੀ ਜ਼ਿੰਦਗੀ ਨੂੰ ਪੱਤਝੜ ਨੇ ਖਾ ਲਿਆ।'

'ਹਾਂ, ਇਹ ਚਿੰਤਾ ਵਾਲੀ ਗੱਲ ਹੈ।' ਪੰਛੀ ਨੇ ਕਿਹਾ ਤੇ ਉਹ ਗੁਲਾਬ ਦੇ ਬੂਟੇ ਨੇੜੇ ਪੁੱਜ ਗਿਆ।

ਜਿਸ ਵੇਲੇ ਸਮੇਂ ਦਾ ਸੁਨਹਿਰੀ ਪੰਛੀ ਉਸ ਗੁਲਾਬ ਦੇ ਬੂਟੇ ਕੋਲ ਪੁੱਜਾ ਤਦ ਉਸ ਬੂਟੇ ਨੇ ਫੇਰ ਪੰਛੀ ਨੂੰ ਕਿਹਾ—'ਨਾ ਤੂੰ ਮੇਰੇ ਉੱਪਰ ਨਾ ਬੈਠੀਂ।'

ਪੰਛੀ ਨੇ ਪੁੱਛਿਆ—'ਕਿਉਂ ?'

'ਮੇਰੇ ਨਾਲ ਕੇਵਲ ਕੰਡੇ ਹੀ ਨੇ।'

'ਤਦ ਕੀ ਐ।'

'ਮੇਰੇ ਕੰਡਿਆਂ ਨਾਲ ਤੇਰਾ ਨਰਮ ਸਰੀਰ ਜ਼ਖ਼ਮੀ ਹੋ ਜਾਵੇਗਾ।'

'ਤਦ ਵੀ ਕੀ ਐ ?'

'ਮੈਂ ਇਹ ਕੁਕਰਮ ਨਹੀਂ ਕਰਨਾ ਚਾਹੁੰਦਾ।'

ਪੰਛੀ ਨੇ ਹੱਸ ਕੇ ਜਵਾਬ ਦਿੱਤਾ—'ਪਰ ਮੈਂ ਤਾਂ ਆਪ ਹੀ ਤੇਰੇ ਕੋਲ ਆਇਆਂ।'

ਬੂਟੇ ਨੇ ਕਿਹਾ—'ਤਦੇ ਹੀ ਮੈਂ ਤੈਨੂੰ ਖ਼ਬਰਦਾਰ ਕਰ ਰਿਹਾਂ।'

ਸਮੇਂ ਦਾ ਸੁਨਹਿਰੀ ਪੰਛੀ ਹੱਸ ਪਿਆ। ਬੋਲਿਆ—'ਅੱਜ ਮੈਂ ਤੇਰੇ ਕੰਡਿਆਂ ਤੇ ਬਹਿ ਕੇ ਗੀਤ ਗਾਵਾਂਗਾ। ਇਹ ਮੇਰਾ ਸਿਦਕ ਹੈ।'

ਗੁਲਾਬ ਦੇ ਟੁੰਡ ਮੁੰਡ ਬੂਟੇ ਨੇ ਕਿਹਾ—'ਨਾ, ਭਲਿਆ ਲੋਕਾ, ਇਹ ਕੰਮ ਨਾ ਕਰੀਂ।

'ਕਿਉਂ।' ਪੰਛੀ ਨੇ ਹੈਰਾਨੀ ਨਾਲ ਪੁੱਛਿਆ ਤਾਂ ਬੂਟੇ ਨੇ ਕਿਹਾ—'ਤੂੰ ਤਬਾਹ ਹੋ ਜਾਵੇਂਗਾ।'

'ਤੈਨੂੰ ਕਿਵੇਂ ਪਤੈ ?'

'ਮੈਨੂੰ ਪਤਾ ਏ।'

'ਪਰ ਕਿਵੇਂ ?'

'ਮੇਰੇ ਕੰਡੇ ਤੇਰੇ ਲਈ ਸੂਲੀ ਸਾਬਿਤ ਹੋਣਗੇ।' ਬੂਟੇ ਨੇ ਘਬਰਾਹਟ ਨਾਲ ਕਿਹਾ ਤਾਂ ਪੰਛੀ ਨੇ ਹੱਸ ਕੇ ਜਵਾਬ ਦਿੱਤਾ—'ਕੋਈ ਗੱਲ ਨਹੀਂ। ਮੈਨੂੰ ਵੀ ਇਸ ਸੂਲੀ ਦੀ ਹੀ ਤਲਾਸ਼ ਸੀ।'



ਗੁਲਾਬ ਦੇ ਬੂਟੇ ਨੂੰ ਪੰਛੀ ਦੀ ਇਸ ਗੱਲ ਨਾਲ ਡਾਢੀ ਹੈਰਾਨੀ ਹੋਈ। ਉਹ ਕੁਝ ਹੋਰ ਕਹਿਣ ਹੀ ਲੱਗਾ ਸੀ ਜਦੋਂ ਕਿ ਪੰਛੀ ਨੇ ਫੇਰ ਕਿਹਾ—'ਪਹਿਲਾਂ ਮੈਨੂੰ ਇਹ ਦੱਸ, ਤੇਰੇ ਫੁੱਲਾਂ ਦਾ ਰੰਗ ਸਫੇਦ ਕਿਉਂ ਐ ?'

ਸੁਨਹਿਰੀ ਪੰਛੀ ਦੀ ਇਸ ਗੱਲ ਨਾਲ ਗੁਲਾਬ ਦਾ ਬੂਟਾ ਕੰਬ ਗਿਆ ਤਾਂ ਪੰਛੀ ਨੇ ਪੁੱਛਿਆ—'ਦੱਸ ਦੇ, ਘਬਰਾ ਨਾ।'

ਬੂਟੇ ਨੇ ਕਿਹਾ—'ਹੁਣ ਮੇਰੇ 'ਚ ਬਹੁਤੀ ਤਾਕਤ ਨਹੀਂ ਰਹੀ। ਜਿਸ ਕਰਕੇ ਮੇਰੇ ਫੁੱਲ ਹੁਣ ਲਾਲ ਨਹੀਂ ਹੁੰਦੇ। ਲਾਲ ਫੁੱਲ ਕੇਵਲ ਬੂਟੇ ਦੇ ਲਹੂ ਨਾਲ ਹੀ ਜਨਮ ਲੈਂਦੇ ਹਨ। ਪਰ ਜੇਕਰ ਬੂਟੇ ਕੋਲ ਆਪਣੇ ਫੁੱਲਾਂ ਜੋਗਾ ਲਹੂ ਹੋਵੇ...।'

'ਤਾਂ ਇਹ ਗੱਲ ਏ।' ਸਮੇਂ ਦੇ ਸੁਨਹਿਰੀ ਪੰਛੀ ਨੇ ਆਖਿਆ ਤਾਂ ਗੁਲਾਬ ਫੇਰ ਬੋਲਿਆ—'ਤੇ ਹੁਣ ਇਹ ਨਿਸਚਿਤ ਐ ਕਿ ਜਦੋਂ ਤੱਕ ਮੇਰੇ ਫੁੱਲਾਂ ਦਾ ਰੰਗ ਸੂਹਾ ਨਹੀਂ ਹੋਣਾ, ਮੇਰੀ ਪੱਤਝੜ ਖ਼ਤਮ ਨਹੀਂ ਹੋਣੀ।'

ਪੰਛੀ ਨੇ ਕਿਹਾ—'ਇਸ ਤਰ੍ਹਾਂ ਕਦੀ ਨਹੀਂ ਸੀ ਹੁੰਦਾ।'

'ਪਰ ਹੁਣ ਹੁੰਦਾ ਐ।' ਗੁਲਾਬ ਦੇ ਬੂਟੇ ਨੇ ਦੱਸਿਆ—'ਕਿਉਂਕਿ ਹੁਣ ਕੋਈ ਵੀ ਬਾਗ ਦਾ ਰਖਵਾਲਾ ਨਹੀਂ ਰਿਹਾ। ਨਾ ਇਥੇ ਪਾਣੀ ਹੈ ਅਤੇ ਨਾ ਹੀ ਖਾਦ-ਖੁਰਾਕ। ਹਰ ਕੋਈ ਉਜਾੜਾ ਕਰ ਰਿਹਾ ਏ।'

ਸਮੇਂ ਦੇ ਸੁਨਹਿਰੀ ਪੰਛੀ ਨੇ ਬੂਟੇ ਨੂੰ ਕਿਹਾ—'ਘਬਰਾ ਨਾ ਭਰਾ, ਤੇਰਾ ਹਾਲ ਵੀ ਇਸ ਕੌਮ ਵਰਗਾ ਹੀ ਹੈ। ਇਸ ਕੌਮ ਵਾਂਗ ਹੀ ਤੇਰਾ ਲਹੂ ਵੀ ਸਫੇਦ ਹੋ ਚੁੱਕਿਐ, ਤੇ ਪੱਤਝੜ ਨੇ ਇਥੇ ਡੇਰਾ ਲਾ ਲਿਆ।'

ਗੁਲਾਬ ਬੋਲਿਆ—'ਇਹ ਗੱਲ ਤਾਂ ਮੈਂ ਨਹੀਂ ਜਾਣਦਾ।'

'ਗੱਲ ਅਸਲ 'ਚ ਇਹੋ ਹੀ ਹੈ।' ਸੁਨਹਿਰੀ ਪੰਛੀ ਨੇ ਫੇਰ ਕਿਹਾ—'ਤੇ ਅੱਜ ਮੈਂ ਤੇਰੇ ਕੰਡਿਆਂ ਉੱਪਰ ਬੈਠ ਕੇ ਗਾਵਾਂਗਾ। ਤੇਰੇ ਕੰਡੇ ਮੇਰੇ ਦਿਲ ਦਾ ਲਹੂ ਪੀਣਗੇ ਤਾਂ ਤੇਰੇ ਇਸ ਫੁੱਲ ਦਾ ਰੰਗ ਲਾਲ ਹੋ ਜਾਵੇਗਾ। ਤੈਨੂੰ ਲਾਲ ਫੁੱਲ ਹੀ ਲੱਗਣਗੇ। ਤੂੰ ਜੀਵਨ ਦੇ ਸੁਹੱਪਣ ਦਾ ਪ੍ਰਤੀਕ ਹੋਵੇਂਗਾ।'

ਗੁਲਾਬ ਦੇ ਬੂਟੇ ਨੇ ਪੁੱਛਿਆ—'ਤਾਂ ਕੀ ਤੂੰ ਮੇਰੇ ਲਈ ਸੂਲੀ ਲਟਕੇਂਗਾ ?'

'ਹਾਂ !' ਸੁਨਹਿਰੀ ਪੰਛੀ ਨੇ ਕਿਹਾ—'ਦਸੰਬਰ ਦੇ ਇਨ੍ਹਾਂ ਬਰਫੀਲੇ ਦਿਨਾਂ 'ਚ ਕੋਈ ਮਨੁੱਖ ਵੀ ਜਨਮ ਲਵੇਗਾ, ਜਿਹੜਾ ਕੌਮ ਦੀ ਖਾਤਿਰ ਸੂਲੀ ਲਟਕੇਗਾ।

'ਕੀ ਕੌਮ ਖਾਤਿਰ ਸੂਲੀ ਲਟਕਣਾ ਜ਼ਰੂਰੀ ਐ ?'

ਗੁਲਾਬ ਦੇ ਬੂਟੇ ਨੇ ਪੁੱਛਿਆ ਤਾਂ ਪੰਛੀ ਨੇ ਕਿਹਾ—'ਹਾਂ, ਬਿਲਕੁਲ ! ਪਰ ਜੇ ਉਹ ਹੱਕ ਸੱਚ ਲਈ ਹੋਵੇ।'

'ਪਰ ਮੈਨੂੰ ਤੇਰੀ ਕੋਈ ਵੀ ਗੱਲ ਸਮਝ ਨਹੀਂ ਆਈ।'

ਗੁਲਾਬ ਦੇ ਬੂਟੇ ਨੇ ਕਿਹਾ ਤਾਂ ਪੰਛੀ ਬੋਲਿਆ—'ਤੂੰ ਸਭ ਕੁਝ ਸਮਝ ਜਾਵੇਂਗਾ, ਬਸ ਮੈਨੂੰ ਆਪਣੇ ਕੰਡਿਆਂ ਉੱਪਰ ਬੈਠ ਲੈਣ ਦੇ ।'

'ਮੈਂ ਤੈਨੂੰ ਕਿਵੇਂ ਰੋਕ ਸਕਦਾਂ ? ਇਹ ਤਾਂ ਮੇਰੇ ਲਈ ਖੁਸ਼ਕਿਸਮਤੀ ਵਾਲੀ ਗੱਲ ਹੈ । ਹੋਰ ਪੰਛੀ ਜਦੋਂ ਮੇਰੇ ਵੱਲ ਮੂੰਹ ਵੀ ਨਹੀਂ ਕਰਦੇ, ਤੂੰ ਇਥੇ ਬੈਠਣਾ ਚਾਹੁੰਦਾ ਏਂ । ਤੂੰ ਖੁਸ਼ੀ ਨਾਲ ਬੈਠ ਜਾ, ਪਰ ਮੇਰੇ ਕੋਲ ਤੇਰੇ ਲਈ ਕੰਡਿਆਂ ਦੇ ਇਲਾਵਾ ਹੋਰ ਕੁਝ ਨਹੀਂ ।'

'ਪਰ ਤੇਰੇ ਕੋਲ ਇਕ ਫੁੱਲ ਵੀ ਤਾਂ ਹੈ ।'

'ਹਾਂ, ਪਰ ਮੈਂ ਉਸ ਨੂੰ ਮੌਸਮ ਦੀਆਂ ਬੇਰਹਿਮੀਆਂ ਤੋਂ ਮਸੀਂ ਬਚਾਇਐ । ਉਹ ਮੇਰੀ ਖੁਸ਼ੀ ਦੀ ਰੀਝ ਐ, ਪਰ ਉਹਦਾ ਕੋਈ ਰੰਗ ਨਹੀਂ ਰਿਹਾ ।'

'ਕੋਈ ਗੱਲ ਨਹੀਂ ।' ਕਹਿ ਕੇ ਸਮੇਂ ਦਾ ਸੁਨਹਿਰੀ ਪੰਛੀ ਗੁਲਾਬ ਦੇ ਬੂਟੇ ਉੱਪਰ ਕੰਡਿਆਂ ਤੇ ਬੈਠ ਗਿਆ, ਤੇ ਗੌਣ ਲੱਗ ਪਿਆ ।

ਗੁਲਾਬ ਦੇ ਬੂਟੇ ਦੇ ਮਨ ਵਿਚ ਆਇਆ, ਪੰਛੀ ਨੂੰ ਕਹੇ—'ਤੁਸੀਂ ਫੁੱਲ ਤੇ ਵੀ ਬੈਠ ਸਕਦੇ ਹੋ ।' ਪਰ ਉਹ ਚੁੱਪ ਕੀਤਾ ਰਿਹਾ । ਕੇਵਲ ਇਕ ਫੁੱਲ ਕਰਕੇ ਹੀ ਉਹ ਜੀਉਂਦਾ ਤੇ ਸਾਹ ਲੈਂਦਾ ਸੀ ।

ਸਮੇਂ ਦੇ ਪੰਛੀ ਨੂੰ ਪਤਾ ਸੀ ਕਿ ਬੂਟੇ ਤੇ ਰੁੱਖ ਵੀ ਮਨੁੱਖਾਂ ਤੇ ਪੰਛੀਆਂ ਵਾਂਗ ਹੀ ਸੰਵੇਦਨਸ਼ੀਲ ਹੁੰਦੇ ਨੇ । ਉਨ੍ਹਾਂ ਤੇ ਆਪਣੇ ਨੇੜਲੇ ਬੰਦੇ ਦੀ ਖੁਸ਼ੀ, ਗ਼ਮੀ, ਕ੍ਰੋਧ ਅਤੇ ਭੈ ਆਦਿ ਦੇ ਭਾਵਾਂ ਦਾ ਪ੍ਰਭਾਵ ਪੈਂਦਾ ਹੈ । ਉਹ ਭਾਵ ਰੁੱਖਾਂ ਤੇ ਪੌਦਿਆਂ ਨੂੰ ਗ਼ਮੀ ਤੇ ਖੁਸ਼ੀ ਬਖਸ਼ਦਾ ਹੈ ।

ਸਮੇਂ ਦਾ ਪੰਛੀ ਸੋਚਦਾ ਸੀ—'ਭਾਵੇਂ ਇਨ੍ਹਾਂ ਬੂਟਿਆਂ ਵਿਚ ਸਾਡੇ ਵਾਂਗ ਗਿਆਨ ਇੰਦਰੀਆਂ ਨਹੀਂ ਹੁੰਦੀਆਂ ਪਰ ਫੇਰ ਵੀ ਚਾਨਣ, ਸਪਰਸ਼ ਤੇ ਸੰਗੀਤ ਦੇ ਪ੍ਰਭਾਵਾਂ ਨੂੰ ਗ੍ਰਹਿਣ ਕਰਕੇ ਇਹ ਉਨ੍ਹਾਂ ਦੇ ਅਨੁਕੂਲ ਹੀ ਅਮਲ ਕਰਦੇ ਨੇ ।'

'ਮੈਂ ਤੁਹਾਡੇ ਦਿਲ ਦੀਆਂ ਗੱਲਾਂ ਸਮਝਦਾ ਹਾਂ ।' ਗੁਲਾਬ ਦੇ ਬੂਟੇ ਨੇ ਕਿਹਾ—'ਮੇਰੇ ਕੋਲ ਵੀ ਇਕ ਸੁਹਿਰਦ ਦਿਲ ਹੈ ।'

'ਇਹ ਚੰਗੀ ਗੱਲ ਹੈ ।' ਪੰਛੀ ਬੋਲਿਆ—'ਤੇਰੇ ਸੁਹਿਰਦ ਦਿਲ ਦੀ ਪਛਾਣ ਕਰਕੇ ਹੀ ਮੈਂ ਤੇਰੇ ਕੋਲ ਆਇਆਂ । ਕੇਵਲ ਸੁਹਿਰਦ ਦਿਲ ਵਾਲੇ ਲੋਕ ਹੀ ਮੇਰੇ ਮਿੱਤਰ ਨੇ ।'

ਸਮੇਂ ਦਾ ਪੰਛੀ ਇਸ ਤਰ੍ਹਾਂ ਦੀਆਂ ਗੱਲਾਂ ਕਹੀ ਵੀ ਜਾ ਰਿਹਾ ਸੀ ਅਤੇ ਗਾਈ ਵੀ ਜਾ ਰਿਹਾ ਸੀ । ਉਹਨੂੰ ਮਹਿਸੂਸ ਹੋਣ ਲੱਗ ਪਿਆ ਸੀ ਕਿ ਗੁਲਾਬ ਦਾ ਬੂਟਾ ਉਹਦਾ ਗੀਤ ਸੁਣਕੇ ਸੌਖਾ ਸਾਹ ਲੈਣ ਲੱਗ ਪਿਆ ਸੀ । ਉਹਦੇ ਸਾਹ ਪੰਛੀ ਨੂੰ ਨਿੱਘੇ ਮਹਿਸੂਸ ਹੋ ਰਹੇ ਸਨ ।

'ਮੈਂ ਇਹਦੇ ਚੰਗੇ ਦਿਨ ਵੀ ਦੇਖੇ ਹੋਏ ਨੇ ।' ਪੰਛੀ ਸੋਚ ਰਿਹਾ ਸੀ—'ਬੇਦਰਦ ਦਿਨਾਂ 'ਚ ਇਹਨੂੰ ਕਿਵੇਂ ਛੱਡਾਂ ?'

ਸਮੇਂ ਦਾ ਪੰਛੀ ਗੁਲਾਬ ਦੇ ਬੂਟੇ ਦੇ ਕੰਡਿਆਂ ਨੂੰ ਆਪਣੇ ਸਰੀਰ ਵਿਚ ਖੋਭਦਾ



ਹੋਇਆ ਗੌਂਦਾ ਜਾ ਰਿਹਾ ਸੀ, ਤੇ ਸੋਚੀ ਵੀ ਜਾ ਰਿਹਾ ਸੀ—'ਇਨ੍ਹਾਂ ਕੰਡਿਆਂ ਨੂੰ ਆਪਣੇ ਦਿਲ ਵਿਚ ਖੋਭ ਕੇ ਮੈਂ ਰਾਤ ਭਰ ਗੌਂਦਾ ਰਿਹਾ ਤਾਂ ਮੇਰੇ ਦਿਲ ਦੇ ਖੂਨ ਨਾਲ ਬੂਟੇ ਦੀਆਂ ਨਾੜੀਆਂ ਵਿਚ ਨਵੇਂ ਜੀਵਨ ਦਾ ਪ੍ਰਵੇਸ਼ ਹੋ ਜਾਵੇਗਾ ।'

'ਪਰ ਇਹ ਬੜਾ ਔਖਾ ਕੰਮ ਐ ।' ਗੁਲਾਬ ਦਾ ਫੁੱਲ ਸੋਚ ਰਿਹਾ ਸੀ—'ਇਸ ਤਰ੍ਹਾਂ ਭਲਾ ਕੌਣ ਕਰਦੈ । ਹੁਣ ਤਾਂ ਸਭੋ ਲੋਕ ਖੁਸ਼ਨਸੀਬੀ ਦੇ ਦਿਨਾਂ ਦੇ ਸਾਥੀ ਬਣਦੇ ਨੇ । ਬਦਨਸੀਬੀ 'ਚ ਕੌਣ ਕਿਸੇ ਦੀ ਸਾਰ ਲੈਂਦਾ ਹੈ ।'

ਉਸ ਵੇਲੇ ਉਹਨੂੰ ਕਈ ਪੰਛੀਆਂ ਦਾ ਚੇਤਾ ਆਇਆ ਜਿਹੜੇ ਉਹਦੇ ਭਲੇ ਦਿਨਾਂ 'ਚ ਉਹਦੇ ਮਿੱਤਰ ਸਨ ਪਰ ਹੁਣ ਮੂੰਹ ਨਹੀਂ ਸਨ ਵਿਖਾਉਂਦੇ ।

ਪੰਛੀ ਲਗਾਤਾਰ ਗੀਤ ਗਾ ਰਿਹਾ ਸੀ ਤੇ ਗੁਲਾਬ ਦੇ ਬੂਟੇ ਵਿਚ ਨਵੇਂ ਜੀਵਨ ਦਾ ਸੰਚਾਰ ਹੋਣ ਲੱਗ ਪਿਆ ਸੀ । ਜਿਸ ਕਰਕੇ ਉਹਨੇ ਪੰਛੀ ਦੇ ਸਰੀਰ ਦੀ ਪੀੜ ਨੂੰ ਮਹਿਸੂਸ ਕਰਕੇ ਕਿਹਾ—'ਬਸ ਕਰ, ਮੇਰੇ ਕੋਲੋਂ ਬਰਦਾਸ਼ਤ ਨਹੀਂ ਹੁੰਦਾ ।'

'ਕਿਉਂ ?' ਸੁਨਹਿਰੀ ਪੰਛੀ ਨੇ ਗੀਤ ਰੋਕ ਕੇ ਬੂਟੇ ਕੋਲੋਂ ਪੁੱਛਿਆ—'ਬਰਦਾਸ਼ਤ ਕਿਉਂ ਨਹੀਂ ਹੁੰਦਾ ?'

'ਮੇਰੇ ਦਿਲ ਨੂੰ ਕੁਝ ਹੋਣ ਲੱਗ ਪਿਐ ।'

'ਮੈਂ ਇਹੋ ਹੀ ਚਾਹੁੰਦਾ ਸਾਂ ।'

'ਪਰ ਤੇਰੀ ਮੌਤ ਹੋ ਜਾਵੇਗੀ ।'

'ਤਦ ਕੀ ਐ ?'

'ਪਰ ਮੈਂ ਇਹ ਨਹੀਂ ਚਾਹੁੰਦਾ ।'

ਪੰਛੀ ਨੇ ਪੀੜ ਨਾਲ ਬਿਹਵਲ ਹੋ ਕੇ ਕਿਹਾ—'ਹੁਣ ਤੇਰੇ ਚਾਹੁਣ ਜਾਂ ਨਾ ਚਾਹੁਣ ਨਾਲ ਕੀ ਹੋਣਾ ਏਂ ।'

'ਕਿਉਂ, ਹੋਣਾ ਕਿਉਂ ਨਹੀਂ ?'

'ਮੈਂ ਤਾਂ ਆਪਣਾ ਕਾਰਜ ਕਰਕੇ ਹੀ ਹਟਾਂਗਾ ।' ਪੰਛੀ ਨੇ ਕਿਹਾ—'ਮੈਂ ਇਸੇ ਕੰਮ ਲਈ ਇਥੇ ਆਇਆਂ ।'

'ਪਰ ਤਕੋ ਨਾ ।'

'ਨਹੀਂ, ਮੈਂ ਤੇਰੀ ਗੱਲ ਨਹੀਂ ਸੁਣਾਂਗਾ । ਬਿਹਤਰ ਹੈ ਕਿ ਚੁੱਪ ਰਹੁ ।'

ਗੁਲਾਬ ਦੇ ਬੂਟੇ ਨੇ ਕਿਹਾ—'ਲੋਕ ਮੈਨੂੰ ਲੋਭੀ ਕਹਿਣਗੇ ।'

ਪੰਛੀ ਬੋਲਿਆ—'ਲੋਕ ਬੜਾ ਕੁਝ ਕਹਿਣਗੇ ਪਰ ਉਹ ਤੈਨੂੰ ਜੀਉਂਦਾ ਵੇਖਕੇ ਚੁੱਪ ਕਰ ਜਾਣਗੇ । ਤੂੰ ਹੱਕ ਇਨਸਾਫ ਦੀ ਗੱਲ ਕਰੀਂ । ਹਰ ਕਿਸੇ 'ਚ ਖੁਸ਼ੀ ਵੰਡੀਂ ।'

'ਪਰ ਇਹ ਪੱਤਝੜ ?'

'ਇਹ ਸਦਾ ਨਹੀਂ ਰਹਿਣੀ ।'

ਪੰਛੀ ਦੀ ਗੱਲ ਸੁਣ ਕੇ ਗੁਲਾਬ ਦਾ ਬੂਟਾ ਚੁੱਪ ਕਰ ਗਿਆ ਤਾਂ ਪੰਛੀ ਰੋਣ ਲੱਗ ਪਿਆ। ਉਹ ਹੌਲੀ ਹੌਲੀ ਆਪਣੇ ਸਰੀਰ ਨੂੰ ਕੰਡਿਆਂ ਵਿਚ ਹੋਰ ਗਹਿਰਾ ਖੋਭਦਾ ਜਾ ਰਿਹਾ ਸੀ, ਜਿਸ ਨਾਲ ਉਹਦੇ ਸਰੀਰ ਵਿਚੋਂ ਲਹੂ ਵਗ ਤੁਰਿਆ ਸੀ। ਪੰਛੀ ਦਾ ਉਹ ਲਹੂ ਬੂਟੇ ਦੀਆਂ ਨਾੜਾਂ ਵਿਚ ਭਰਦਾ ਜਾ ਰਿਹਾ ਸੀ। ਉਹ ਲਹੂ ਬਹੁਤ ਗਾੜ੍ਹਾ ਅਤੇ ਸੂਹਾ ਸੀ। ਉਸ ਨਾਲ ਬਰਫੀਲੇ ਵਾਤਾਵਰਣ ਵਿਚ ਮਹਿਕ ਫੈਲਦੀ ਜਾ ਰਹੀ ਸੀ। ਉਸ ਮਹਿਕ ਨਾਲ ਬਰਫ ਪੰਘਰਣ ਲੱਗ ਪਈ ਸੀ।

ਸਮੇਂ ਦੇ ਪੰਛੀ ਨੇ ਵੇਖਿਆ ਕਿ ਗੁਲਾਬ ਦੇ ਬੂਟੇ ਉੱਪਰ ਲੱਗੇ ਹੋਏ ਇਕੋ ਇਕ ਸਫੇਦ ਫੁੱਲ ਦਾ ਰੰਗ ਪਹਿਲਾਂ ਘਸਮੈਲਾ ਹੋਇਆ, ਫੇਰ ਗੁਲਾਬੀ ਹੋ ਗਿਆ ਅਤੇ ਅੰਤ ਵਿਚ ਲਾਲ ਸੂਹਾ ਹੋ ਗਿਆ। ਉਹ ਫੁੱਲ ਬਹੁਤ ਚਮਕੀਲਾ ਅਤੇ ਜੀਵਨ ਨਾਲ ਭਰਪੂਰ ਲੱਗ ਰਿਹਾ ਸੀ। ਉਸ 'ਤੇ ਬਰਫੀਲਾ ਮੌਸਮ ਵੀ ਕੋਈ ਮਾਰੂ ਅਸਰ ਨਹੀਂ ਸੀ ਪਾ ਰਿਹਾ।

'ਮੈਂ ਇਹੋ ਹੀ ਚਾਹੁੰਦਾ ਸਾਂ।' ਪੰਛੀ ਨੇ ਸੋਚਿਆ—'ਇਹ ਚਮਤਕਾਰ ਲਹੂ ਦੇ ਕੇ ਹੀ ਹੋ ਸਕਦੇ।'

ਗੁਲਾਬ ਦੇ ਬੂਟੇ ਨੇ ਵੀ ਆਪਣੇ ਸਫੇਦ ਫੁੱਲ ਨੂੰ ਲਾਲ ਹੁੰਦਿਆਂ ਵੇਖਿਆ, ਤੇ ਉਹਦਾ ਮਨ ਪ੍ਰਸੰਨ ਹੋ ਗਿਆ। ਉਹਦਾ ਸਿਰ ਗੌਰਵ ਨਾਲ ਉੱਚਾ ਵੀ ਹੋਣ ਲੱਗ ਪਿਆ। 'ਇਹ ਚਮਤਕਾਰ ਹੈ।' ਉਹਨੂੰ ਖਿਆਲ ਆਇਆ—'ਪਰ ਇਸ ਤਰ੍ਹਾਂ ਦੇ ਚਮਤਕਾਰ ਕਦੀ ਹੀ ਹੁੰਦੇ ਨੇ।'

ਪਰ ਫੇਰ ਅਗਲੇ ਪਲ ਹੀ ਗੁਲਾਬ ਦਾ ਬੂਟਾ ਡੁਸਕਣ ਲੱਗ ਪਿਆ। ਉਹਨੂੰ ਮਹਿਸੂਸ ਹੋ ਰਿਹਾ ਸੀ ਕਿ ਉਹਨੇ ਤਾਂ ਕਦੀ ਕਿਸੇ ਲਈ ਏਨਾ ਕੁਝ ਕੀਤਾ ਹੀ ਨਹੀਂ ਸੀ।'

ਹਾਲੇ ਗੁਲਾਬ ਦਾ ਬੂਟਾ ਇਹ ਗੱਲ ਸੋਚ ਹੀ ਰਿਹਾ ਸੀ ਜਦੋਂ ਉਹਨੇ ਵੇਖਿਆ ਕਿ ਉਹਦੀ ਖਾਤਿਰ ਲਹੂ ਡੋਲ੍ਹਣ ਵਾਲਾ ਸਮੇਂ ਦਾ ਪੰਛੀ ਬੇਹੋਸ਼ ਹੋ ਕੇ ਡਿਗ ਪਿਆ ਸੀ। ਉਹਦੇ ਸਰੀਰ ਵਿਚੋਂ ਕਾਫੀ ਲਹੂ ਵਗ ਗਿਆ ਸੀ, ਅਤੇ ਉਹਦਾ ਸਾਹ ਔਖਾ ਚਲ ਰਿਹਾ ਸੀ।

ਹਰ ਪਾਸੇ ਬਰਫੀਲਾ ਮੌਸਮ ਫੈਲਿਆ ਹੋਇਆ ਸੀ। ਸਮੁੱਚੇ ਬਾਗ ਵਿਚ ਬਰਫ ਰੂੰ ਦੇ ਗੋੜ੍ਹਿਆਂ ਵਾਂਗ ਡਿਗ ਰਹੀ ਸੀ, ਪਰ ਸੁਨਹਿਰੀ ਪੰਛੀ ਬੇਸੁਧ ਹੋ ਕੇ ਘਾਹ ਉੱਪਰ ਬਰਫ ਤੇ ਪਿਆ ਸੀ। ਉਸਦਾ ਸਰੀਰ ਕੰਡਿਆਂ ਨਾਲ ਲੱਗੇ ਜ਼ਖ਼ਮਾਂ ਕਰਕੇ ਛਟਪਟਾ ਰਿਹਾ ਸੀ। ਉਸ ਵੇਲੇ ਵੀ ਉਹ ਸੋਚ ਰਿਹਾ ਸੀ—'ਇਸ ਸਾਹ ਘੁੱਟਵੇਂ ਬਰਫੀਲੇ ਮੌਸਮ ਵਿਚ ਗੁਲਾਬ ਦਾ ਇਹ ਫੁੱਲ ਜ਼ਿੰਦਗੀ ਦੀ ਸੁੰਦਰਤਾ ਦਾ ਚਿੰਨ੍ਹ ਹੈ, ਤੇ ਇਹਦੀ ਮਹਿਕ ਕਦੀ ਵੀ ਮਰਨੀ ਨਹੀਂ ਚਾਹੀਦੀ।'

ਸਮੇਂ ਦੇ ਪੰਛੀ ਦੀ ਇਹ ਹਾਲਤ ਵੇਖਕੇ ਲਾਲ ਸੂਹੇ ਹੋ ਚੁਕੇ ਗੁਲਾਬ ਦੇ ਹਸੂੰ-ਹਸੂੰ ਕਰਦੇ ਫੁੱਲ ਨੇ ਘਬਰਾ ਕੇ ਕਿਹਾ—'ਇਹ ਤੁਸੀਂ ਕੀ ਕੀਤਾ ?'

ਸਮੇਂ ਦੇ ਸੁਨਹਿਰੀ ਪੰਛੀ ਨੇ ਉਹਨੂੰ ਧੀਰਜ ਦਿੰਦਿਆਂ ਕਿਹਾ—'ਤੂੰ ਚਿੰਤਾ ਨਾ ਕਰ।'

'ਕਿਉਂ ?' ਗੁਲਾਬ ਦੇ ਫੁੱਲ ਨੇ ਡਾਢੇ ਦੁੱਖ ਨਾਲ ਪੁੱਛਿਆ ਤਾਂ ਪੰਛੀ ਨੇ ਕਿਹਾ—'ਸੁਖਾਵੇਂ ਜੀਵਨ ਦੀ ਨਵ ਉਸਾਰੀ ਲਈ ਸੂਲੀ 'ਤੇ ਲਟਕਣਾ ਹੀ ਪੈਂਦਾ ਏ।'

(96, ਗੁਰਜੀਤ ਨਗਰ ਗੜ੍ਹਾ ਰੋਡ, ਜਲੰਧਰ)

O



ਨਜ਼ਮ

## ਨਿਰੰਤਰ ਚਲਦੀ ਜੰਗ/ਵਿਸ਼ਾਲ

ਪਿਤਾ......ਕਿ ਜਿਸ ਦੀ ਮੈਂ ਕਥਾ ਬਿਆਨ ਕਰਦਾ ਹਾਂ
ਉਸਦੇ ਆਪਣੇ ਹੀ ਚਿਹਨ 'ਚ ਇੱਕ ਮੁਕੰਮਲ ਇਤਿਹਾਸ ਲਿਖਿਆ ਪਿਆ ਹੈ
ਜੋ ਕਦੇ-ਕਦੇ ਉਹਦੇ ਮੱਥੇ ਦੀਆਂ ਤਿਉੜੀਆਂ 'ਚ ਆਏ ਪਸੀਨੇ ਤੋਂ ਅਕਸਰ
ਪੜ੍ਹ ਲੈਂਦਾ ਹਾਂ
ਰਾਵਲਪਿੰਡੀ ਤੋਂ ਬਿਆਸ ਤੱਕ ਦਾ ਸਫ਼ਰ
ਰਾਵਲਪਿੰਡੀ ਤੋਂ ਬਿਆਸ ਤੱਕ ਦੇ ਸੁਪਨੇ
ਰਾਵਲਪਿੰਡੀ ਤੋਂ ਬਿਆਸ ਤੱਕ ਦੀ ਟੁੱਟ-ਭੱਜ
ਕਈ ਸਾਲਾਂ ਤੋਂ ਬੈਠਕ 'ਚ ਲੱਗੀ ਕਿੱਲੀ 'ਤੇ ਟੰਗੀ ਪੁਰਾਣੀ ਫਤੂਹੀ 'ਚ
ਧਾਰੋਂ ਆਇਆ ਕਿਸੇ ਬੇਲੀ ਦਾ ਹੇਰਵੇ ਵਰਗਾ ਖ਼ਤ
ਖ਼ਤ-ਜੋ ਬਚਪਨ ਬਿਆਨ ਕਰਦਾ ਹੈ
ਜੁਆਨੀ ਬਿਆਨ ਕਰਦਾ ਹੈ
ਫਿਰ ਦਰਿਆ ਦੇ ਪਾਣੀਆਂ 'ਚ ਡੁੱਲ੍ਹੇ ਲਹੂ ਦੀ ਕਹਾਣੀ ਬਿਆਨ ਕਰਦਾ ਹੈ
ਪਿਤਾ ਨੂੰ ਅਕਸਰ ਮੈਂ ਉਸ ਫਤੂਹੀ ਦੇ ਗਲ ਲੱਗ ਰੋਂਦੇ ਵੇਖਿਆ ਹੈ
ਤੇ ਫ਼ੇਜ਼ਾ......ਫ਼ੇਜ਼ਾ ਕਹਿੰਦਿਆਂ ਉੱਚੀ-ਉੱਚੀ ਰੋਂਦੇ ਵੀ ਵੇਖਿਆ ਹੈ
ਪਿਤਾ ਦੱਸਦਾ......
ਤੇਰੀ ਮਾਂ ਦੀਆਂ ਟੂੰਬਾਂ ਵੇਚਕੇ ਆਹ ਦੁਕਾਨ ਪਾਈ ਹੈ
ਸਾਈਕਲ......ਤੇ ਸਾਈਕਲ ਦੀ ਪਿਛਲੀ ਕਾਠੀ ਤੇ ਪਾਏ ਪੀਪੇ
ਤੇ ਸਾਈਕਲ ਨੂੰ ਚਲਾਉਂਦੀਆਂ ਪਿਤਾ ਦੀਆਂ ਲੱਤਾਂ
ਜੋ ਸੰਤਾਲੀ ਤੋਂ ਲੈ ਕੇ ਬੰਨਵੇਂ ਤੱਕ ਲਗਾਤਾਰ ਧੁਰੇ ਦੁਆਲੇ ਘੁੰਮਦੀਆਂ ਆਈਆਂ ਨੇ
ਧੁਰੇ 'ਚ ਤੇਲ ਦੀ ਥਾਂ ਕਦੇ ਕਦੇ
ਪਿਤਾ ਦਾ ਪਸੀਨਾ ਵੀ ਪਿਆ ਹੈ ਤੇ ਲਹੂ ਵੀ।
ਪਿਤਾ ਚੁੱਪ ਚਾਪ ਇਕੱਲਾ ਡਿਹਾ ਰਿਹਾ
ਸਾਈਕਲ ਨਾਲ ਸਾਈਕਲ ਹੁੰਦਾ ਰਿਹਾ ਤੇ ਪੀਪਿਆਂ ਨਾਲ ਪੀਪੇ
ਆਪਣੀ ਫਤੂਹੀ ਵਿਚਲੇ ਇਤਿਹਾਸ ਤੋਂ
ਆਪਣੇ ਅਗਲੇ ਟੱਬਰ ਦੇ ਇਤਿਹਾਸ ਸਿਰਜਣ ਤੱਕ ਉਹ ਲੜਦਾ ਰਿਹਾ
ਮੈਨੂੰ ਯਾਦ ਹੈ ਪਿਤਾ ਆਪਣੀਆਂ ਕਾਲੀਆਂ ਮੁੱਛਾਂ 'ਤੇ ਹੱਥ ਫੇਰਦਿਆਂ ਆਖਦਾ;
'ਮੇਰਾ ਆਹ 'ਸੁੱਖ' ਪੁੱਤ ਬਲਵਾਨ ਬਣੂ
ਮੱਖਣ ਤੇ ਦੁੱਧ ਦੀਆਂ ਕੱਚੀਆਂ ਧਾਰਾਂ ਮੈਨੂੰ ਅੱਜ ਵੀ ਯਾਦ ਹਨ
ਤੇ ਯਾਦ ਹੈ ਪਿਤਾ ਦੀ ਪਿੱਠ 'ਤੇ ਬੈਠ ਕੇ
ਵਿਸਾਖੀ ਦੇ ਮੇਲੇ 'ਚ

ਚਾਂਦੀ ਦੇ ਵਰਕ ਲੱਗੀ ਰਵੇ ਦੀ ਬਰਫੀ ਖਾਣ ਦੀ ਜ਼ਿਦ ਕਰਨਾ
ਤੇ ਸਾਈਕਲ ਦੇ ਹੈਂਡਲ 'ਚ ਟੰਗੀ ਰੰਗ ਬਰੰਗੀ ਭੰਬੀਰੀ ਦੇ ਖੰਭਾਂ ਵਾਂਗੂ
ਪਿਤਾ ਦੇ ਸੁਪਨਿਆਂ ਦਾ ਇਕ ਇਕ ਕਰਕੇ ਟੁੱਟ ਜਾਣਾ
ਸਭ ਯਾਦ ਹੈ ਮੈਨੂੰ ।

ਨਾ ਪਿਤਾ ਕੋਲੋਂ ਮੈਂ ਸਾਈਕਲ ਛਡਵਾ ਸਕਿਆ
ਤੇ ਨਾ ਹੀ ਮੈਂ ਭਲਵਾਨ ਬਣ ਸਕਿਆਂ
ਫਿਰ ਪਤਾ ਨਹੀਂ ਕੀ ਹੋ ਗਿਆ ਅਸੀਂ ਅੱਖਰਾਂ ਨਾਲ ਮੋਹ ਪਾ ਬੈਠੇ
ਕਿਤਾਬਾਂ ਨੂੰ ਮੱਕਾ ਮੰਨ ਲਿਆ
ਸਾਡੀ ਯਾਰੀ ਸੜਕਾਂ ਨਾਲ ਪੈ ਗਈ......ਰਾਤਾਂ ਨਾਲ ਪੈ ਗਈ
ਪਰ ਅਣਕਿਆਸੇ ਅੱਖਰਾਂ ਨੂੰ ਤਲਾਸ਼ਦੇ-ਤਲਾਸ਼ਦੇ ਅਸੀਂ ਅਵਾਰਾ ਹੋ ਗਏ

......ਤੇ ਹੁਣ ਸਾਈਕਲ ਵੀ ਉਹੋ ਹੈ
ਪੀਪੇ ਵੀ ਉਹੀ ਹਨ ਤੇ ਦੁਕਾਨ ਵੀ ਉਹੋ ਹੈ
ਪਰ ਪਿਤਾ ਕੋਲ ਉਹ ਜੋਸ਼ ਨਹੀਂ ਹੈ......ਹੋਸ਼ ਨਹੀਂ ਹੈ
ਹੁਣ ਲੱਤਾਂ ਨਹੀਂ, ਧੁਰਾ ਪਿਤਾ ਦੀਆਂ ਲੱਤਾਂ ਦੁਆਲੇ ਘੁੰਮਦਾ ਹੈ
ਉਹ ਵੀ ਲੜ ਰਿਹਾ ਹੈ ਆਪਣੇ ਨਾਲ......ਪਰ ਸਾਡੇ ਲਈ
ਤੇ ਏਧਰ ਮੇਰੇ ਹਿੱਸੇ ਜਿੰਨੀ ਕੁ ਜੰਗ ਆਈ
ਮੈਂ ਆਪਣੇ ਹੀ ਹੱਥੋਂ ਹਾਰ ਗਿਆ ਹਾਂ
ਪਰ ਨਿਰੰਤਰ ਲੜ ਰਿਹਾ ਹੈ ਪਿਤਾ ਜ਼ਿੰਦਗੀ ਨਾਲ......ਜ਼ਿੰਦਗੀ ਨਾਲ

ਬਿੱਲਾ ਫੈਂਸੀ ਸਟੋਰ, ਬਿਆਸ (ਅੰਮ੍ਰਿਤਸਰ)

○

ਵਾਘਿਓਂ ਪਾਰ

## ਗ਼ਜ਼ਲ/ਇਬਾਦ ਨਬੀਲ ਸ਼ਾਦ (ਪਾਕਿਸਤਾਨ)

ਲੱਖਾਂ ਸੂਲੀ ਚੜ੍ਹਨਾਂ, ਲੱਖਾਂ ਮਰਨੇ ਨੇਂ ।
ਤਾਂ ਕਿਧਰੇ ਬੰਦੂਕਾਂ ਵਾਲੇ ਹਰਨੇ ਨੇ ।

ਕਾਲੀਆਂ ਰਾਤਾਂ ਦਾ ਪ੍ਰਛਾਵਾਂ ਢਲਣਾ ਏ,
ਸੂਰਜ ਇਕ ਦਿਨ ਪੈਰ ਬੂਹੇ ਆ ਧਰਨੇ ਨੇਂ ।

ਕਿਸੇ ਨਬੀ ਹੁਣ ਕਿਸੇ ਪੈਗ਼ੰਬਰ ਨਹੀਂ ਆਉਣਾ,
ਆਪਣੇ ਮਸਲੇ ਆਪ ਅਸਾਂ ਹੱਲ ਕਰਨੇ ਨੇਂ ।

ਦੁੱਖਾਂ ਦੀ ਹੁਣ ਸਾਂਝ ਜ਼ਰੂਰੀ ਹੋ ਗਈ ਏ,
ਤੇਰੇ ਮੈਂ ਤੇ ਮੇਰੇ ਫੱਟ ਤੂੰ ਭਰਨੇ ਨੇਂ ।

'ਸ਼ਾਦ' ਮੈਂ ਆਪਣੀ ਰੱਤ ਨੂੰ ਸਾਂਭ ਕੇ ਰਖਿਆ ਏ,
ਤੇਰੀ ਮਾਂਗ 'ਚ ਸੁਰਖ਼ ਸਿਤਾਰੇ ਭਰਨੇ ਨੇਂ ।



ਸੰਕਲਨ

# ਮੇਰੀ ਕਵਿਤਾ, ਮੇਰੇ ਲੋਕ

—ਪਾਬਲੋ ਨੇਰੂਦਾ

ਮੈਂ ਆਪਣੀਆਂ ਪੁਸਤਕਾਂ, ਸੰਗ੍ਰਹਿ ਤੇ ਕਵਿਤਾਵਾਂ ਤੋਂ ਛੁੱਟੀ ਮੰਗ ਲਈ ਹੈ ਤੇ ਮੈਂ ਚਿੱਲੀ ਵਿਚ ਕਦੇ ਉੱਡਦਾ, ਕਦੇ ਗੱਡੀ ਚਲਾਉਂਦਾ, ਕਦੇ ਪੈਦਲ ਤੁਰਦਾ ਹਾਂ । ਸਤੰਬਰ ਵਿਚ, ਅਸੀਂ ਰਾਸ਼ਟਰਪਤੀ ਚੁਣਾਂਗੇ ਤੇ ਸ਼ਾਇਦ ਹੋਰ ਵੀ ਕਾਫੀ ਪ੍ਰੀਵਰਤਨ ਹੋਣਗੇ ।

... ... ...

ਅਖੀਰ ਤੇ ਉਹਨਾਂ ਨੂੰ ਛੁੱਟੀ ਹੁੰਦੀ ਹੈ ਤੇ ਉਹ ਅਸਤਬਲ ਵਿਚ ਇਕੱਠੇ ਹੁੰਦੇ ਹਨ । ਇਹ ਮੇਰੇ ਲਈ ਬੜੀ ਜ਼ੁੰਮੇਵਾਰੀ ਵਾਲੀ ਘੜੀ ਹੈ, ਕਿਉਂਕਿ ਮੈਂ ਇਸ ਦੁਰਾਡੀ ਥਾਂ ਤੇ ਇਹਨਾਂ ਲੋਕਾਂ ਨੂੰ, ਜਿਹਨਾਂ ਕੋਲੋਂ ਉੱਨ, ਮੁੜ੍ਹਕੇ ਤੇ ਘੱਟੇ-ਮਿੱਟੀ ਦੀ ਹੁੰਮ੍ਹਕ ਆਉਂਦੀ ਹੈ, ਆਪਣੀ ਕਵਿਤਾ ਸੁਣਾਉਣੀ ਹੈ ।

ਅਖੀਰ ਮੈਂ ਕਵਿਤਾ-ਪਾਠ ਆਰੰਭ ਕਰਦਾ ਹਾਂ । ਮੇਰੀਆਂ ਕਵਿਤਾਵਾਂ, ਕਿਊਬਾ, ਰੈੱਡ ਇੰਡੀਅਨ, ਸਚਾਈ, ਖ਼ੁਸ਼ੀ, ਹਵਾ ਤੇ ਦੁੱਖਾਂ ਬਾਰੇ ਹਨ । ਇਹ ਸਭ ਕੁਝ ਉੱਠ ਦੇ ਢੇਰਾਂ ਵਿਚ ਉਹਨਾਂ ਲੋਕਾਂ ਦੀ ਹਾਜ਼ਰੀ ਵਿਚ ਹੋ ਰਿਹਾ ਹੈ, ਜਿਹਨਾਂ ਦੇ ਚਿਹਰੇ ਸਖਤ ਕੰਮ ਨਾਲ ਚਮਕ ਰਹੇ ਹਨ । ਅਖੀਰ ਤੇ ਮੈਨੂੰ ਅਨਭਵ ਹੁੰਦਾ ਹੈ ਕਿ ਮੇਰੀ ਕਵਿਤਾ ਠੀਕ ਥਾਂ ਤੇ ਅਸਰ ਕਰ ਰਹੀ ਹੈ । ਮੈਂ ਰੁੱਤਾਂ-ਮਾਰੀ ਇਕ ਗੁੱਲ ਤੋਂ ਅੱਥਰੂ ਵਗਦਾ ਵੇਖ ਰਿਹਾ ਹਾਂ, ਜਿਸ ਨੂੰ ਘਿਰਣਾਮਈ ਪੈਟਾਗਨ ਦੀ ਰੁੱਤ ਨੇ ਤੰਗ ਕੀਤਾ ਸੀ । ਮੈਨੂੰ ਨਹੀਂ ਸੀ ਆਸ ਕਿ ਇਹਨਾ ਲੋਕਾਂ ਵਿਚੋਂ ਝੱਖੜ ਜਾਂ ਇਕੱਲਤਾ ਕਦੇ ਅੱਥਰੂ ਕੱਢਵਾ ਸਕਦੀ ਹੈ, ਲੋਕ ਜਿਹੜੇ ਕਠਿਨ ਜੀਵਨ ਜੀ ਰਹੇ ਹਨ । ਜਦੋਂ ਉਹ ਤਾੜੀਆਂ ਮਾਰਦੇ ਤੇ ਮੈਨੂੰ ਜੱਫੀ ਵਿਚ ਘੁੱਟਣ ਲੱਗਦੇ ਹਨ, ਤਾਂ ਮੈਂ ਅਨੁਭਵ ਕਰਦਾ ਹਾਂ ਕਿ ਮੈਂ ਇਕ ਹੋਰ ਕਠਿਨ ਪ੍ਰੀਖਿਆ ਪਾਸ ਕਰ ਲਈ ਹੈ ।

... ... ...

1964 ਵਿਚ ਮੈਂ ਸਤਵੇਂ ਦਹਾਕੇ ਵਿਚ ਪ੍ਰਵੇਸ਼ ਕੀਤਾ ਹੈ । ਆਪਣੇ ਜੀਵਨ ਦੇ ਆਰੰਭ ਵਿਚ ਮੈਂ ਸੋਚਦਾ ਸੀ, ਜਿਵੇਂ ਹੋਰ ਨੌਜਵਾਨ ਸੋਚਦੇ ਹਨ, ਕਿ ਮੈਂ ਬਹੁਤਾ ਚਿਰ ਜੀਊਂਦਾ ਨਹੀਂ ਰਹਾਂਗਾ । ਖ਼ੈਰ, ਇਹ ਹਰ ਨੌਜਵਾਨ ਦਾ ਰੋਮਾਂਚਿਕ ਸੁਪਨਾ ਹੁੰਦਾ ਹੈ ਕਿ ਉਹ ਕੋਈ ਸੂਰਮਗਤੀ ਵਾਲਾ ਕੰਮ ਕਰੇ ਤੇ ਮਰ ਜਾਵੇ.........

... ... ...

ਮੈਂ ਗ਼ਰੀਬ, ਕਸ਼ਟਾਂ-ਮਾਰੇ ਤੇ ਬਹਾਦਰ ਅਮਰੀਕਾ ਦਾ ਕਵੀ ਹਾਂ । ......ਮੇਰੀ ਕਵਿਤਾ ਦਾ ਮੰਤਵ ਹੈ ਕਿ ਇਕ ਕੌਮ ਤੋਂ ਦੂਸਰੀ ਤੀਕ ਸੱਚ ਦਾ ਸ਼ਬਦ ਲੈ ਕੇ ਜਾਵਾਂ ।

... ... ...

ਕਿਸੇ ਦੂਸਰੇ ਦੇਸ਼ ਦੀ ਕਵਿਤਾ ਦਾ ਅਨੁਵਾਦ ਕਰਨਾ ਬਹੁਤ ਕਠਿਨ ਹੈ। ਇਕ ਭਾਸ਼ਾ ਵਿਚ ਪ੍ਰਗਟ ਕੀਤਾ ਬਿੰਬ ਤੇ ਬਦੇਸ਼ੀ ਮੁਹਾਵਰਿਆਂ ਵਿਚ ਢਾਲੀ ਗਈ ਰਚਨਾ ਵਿਚ, ਉਸ ਦੀ ਅਸਚਰਜ ਤਾਜ਼ਗੀ ਨੂੰ ਕਿਸੇ ਹੱਦ ਤੀਕ ਸੰਭਾਲਿਆ ਜਾ ਸਕਦਾ ਹੈ ਤੇ ਇਸਦਾ ਟਾਕਰਾ ਸਵੇਰ ਦੀ ਤ੍ਰੇਲ ਨਾਲ ਕੀਤਾ ਜਾ ਸਕਦਾ ਹੈ ਤੇ ਇਹ ਕਈ ਮੌਕੇ ਪਾਠਕ ਲਈ ਚਮਕਦੇ ਹੋਏ ਹੀਰੇ ਨੂੰ ਵੇਖਣ ਦਾ ਮੌਕਾ ਜਾਂ ਮਿਸ਼ਰਤ ਧਾਤ ਨੂੰ ਅਨੁਭਵ ਕਰਨ ਦਾ ਅਵਸਰ ਹੁੰਦਾ ਹੈ। ਕਈ ਵਾਰ ਇਹ ਬਿੰਬ, ਵਹਿਸ਼ੀ ਜਾਨਵਰ ਵਾਂਗ ਅਨੁਵਾਦਕ ਤੇ ਹੱਲਾ ਬੋਲਦੇ ਤੇ ਉਸ ਨੂੰ ਖਾ ਜਾਂਦੇ ਹਨ।

... ... ...

ਸਾਡੇ ਲੇਖਕਾਂ ਲਈ, ਸਮੁੱਚੀ ਜ਼ਿੰਦਗੀ ਇਕ ਨਿਰੰਤਰ ਸੰਘਰਸ਼ ਹੈ, ਜਿਹੜਾ ਅਸੀਂ ਉਹਨਾਂ ਸ਼ਰਮਨਾਕ ਹਾਲਤਾਂ ਦੇ ਵਿਰੁੱਧ ਲੜਦੇ ਹਾਂ. ਜਿਹੜੀਆਂ ਲਾਤੀਨੀ ਅਮਰੀਕਾ ਦੀਆਂ ਕੌਮਾਂ ਉੱਤੇ ਠੋਸੀਆਂ ਗਈਆਂ ਹਨ। ਅਸੀਂ ਆਪਣੇ ਮਿੱਤਰਾਂ ਤੇ ਸਾਥੀਆਂ ਵਿਰੁੱਧ ਹੋ ਰਹੇ ਜਬਰ ਦੇ ਵਿਰੁੱਧ ਲੜਨ ਤੋਂ ਕਦੇ ਵੀ ਰੁੱਕਦੇ ਨਹੀਂ ਹਾਂ।

... ... ...

ਮੈਂ ਸੋਲ੍ਹਾਂ ਸਾਲ ਦਾ ਸੀ ਜਦੋਂ ਮੈਂ ਆਪਣਾ ਘਰ ਛੱਡ, ਰਾਜਧਾਨੀ ਆ ਗਿਆ। ਮੇਰੀ ਜ਼ਿੰਦਗੀ ਬਿਲਕੁਲ ਬਦਲ ਗਈ। ਯੂਨੀਵਰਸਿਟੀ ਤੇ ਵਿਦਿਆਰਥੀ ਜਿਹਨਾਂ ਵਿਚ ਮੈਂ ਆ ਰਲਿਆ, ਉਸ ਜੋਸ਼ ਨੂੰ ਪ੍ਰਗਟ ਕਰਦੇ ਸਨ, ਜਿਹੜਾ ਉਹਨਾਂ ਵਰ੍ਹਿਆਂ ਵਿਚ ਸੰਸਾਰ ਵਿਚ ਝੁੱਲ ਰਿਹਾ ਸੀ। ਅਕਤੂਬਰ ਕਰਾਂਤੀ ਤੋਂ ਬਾਅਦ ਮੈਂ ਅਨੁਭਵ ਕੀਤਾ ਕਿ ਮੈਂ ਲੰਮੀ ਨੀਂਦ ਵਿਚ ਜਾਗ ਪਿਆ ਹਾਂ ਤੇ ਮੈਂ ਆਪਣੀ ਪੀੜ੍ਹੀ ਦੇ ਜੀਵਨ ਵਿਚ ਆ ਸ਼ਾਮਿਲ ਹੋਇਆ ਸੀ।

... ... ...

ਮੈਂ ਅਮਨ ਤੇ ਕੌਮੀ ਆਜ਼ਾਦੀ ਦੇ ਸੁਹਲੇ ਗਾਉਣ ਵਾਲੀਆਂ ਕਵਿਤਾਵਾਂ ਲਾਤੀਨੀ ਅਮਰੀਕਾ ਦੇ ਸ਼ਹਿਰਾਂ ਤੇ ਕਈ ਰਾਜਧਾਨੀਆਂ ਵਿਚ ਪੜ੍ਹੀਆਂ ਹਨ। ਮੈਂ ਇਹ ਸੈਂਕੜੇ ਹੀ ਸ਼ਹਿਰਾਂ ਦੇ ਚੌਂਕਾਂ, ਮੰਡੀਆਂ, ਸਕੂਲਾਂ, ਨਾਟ-ਘਰਾਂ ਤੇ ਗਲੀਆਂ ਵਿਚ ਪੜ੍ਹੀਆਂ ਹਨ। ਮੈਂ ਵੇਖਿਆ ਤੇ ਸੁਣਿਆ ਹੈ ਕਿ ਲੋਕੀਂ ਅਮਨ ਦੇ ਆਦਰਸ਼ਾਂ ਨੂੰ ਵੱਡੇ ਯੂਨਾਨੀ ਸਹਿ-ਗਾਣ ਵਾਂਗੂ ਸਲਾਹੁੰਦੇ ਹਨ।

... ... ...

ਮੈਨੂੰ ਇਕ ਗੱਲ ਦੀ ਤਸੱਲੀ ਹੈ, ਕਿਸੇ ਇਕ ਢੰਗ ਜਾਂ ਦੂਸਰੇ ਨਾਲ, ਘੱਟੋ-ਘੱਟ ਆਪਣੇ ਦੇਸ਼ ਵਿਚ, ਮੈਂ ਲੋਕਾਂ ਵਿਚ ਇਹ ਭਾਵਨਾ ਪੈਦਾ ਕਰ ਦਿੱਤੀ ਹੈ ਤੇ ਉਹ ਕਵੀ ਦੇ ਪੇਸ਼ੇ ਦਾ, ਕਵਿਤਾ ਦਾ ਸਤਿਕਾਰ ਕਰਨ ਲੱਗੇ ਹਨ।

... ... ...



ਬਰਜੂਆਜ਼ੀ ਅਜੇਹੀ ਕਵਿਤਾ ਦੀ ਮੰਗ ਕਰਦੀ ਹੈ, ਜਿਹੜੀ ਵਧੇਰੇ ਤੋਂ ਵਧੇਰੇ ਯਥਾਰਥ ਨਾਲੋਂ ਟੁੱਟੀ ਹੋਈ ਹੋਵੇ। ਜਿਹੜਾ ਕਵੀ ਸੱਚੀ ਗੱਲ ਮੂੰਹ ਤੇ ਕਹਿ ਦਿੰਦਾ ਹੈ, ਉਹ ਨਿੱਘਰ ਰਹੇ ਪੂੰਜੀ-ਪ੍ਰਬੰਧ ਲਈ ਬੜਾ ਖਤਰਨਾਕ ਹੈ।

... ... ...

ਇਕ ਕਵੀ ਜਿਹੜਾ ਇਕ ਲੱਖ ਤੀਹ ਹਜ਼ਾਰ ਲੋਕਾਂ ਵਿਚ ਆਪਣੀਆਂ ਕਵਿਤਾਵਾਂ ਪੜ੍ਹ ਕੇ ਸੁਣਾਉਂਦਾ ਹੈ, ਪਹਿਲੇ ਜਿਹਾ ਨਹੀਂ ਰਹਿ ਸਕਦਾ, ਤੇ ਅਜੇਹੇ ਤਜਰਬੇ ਪਿਛੋਂ ਪਹਿਲਾਂ ਵਾਲੇ ਢੰਗ ਨਾਲ ਲਿਖਦਾ ਨਹੀਂ ਚਲਾ ਜਾਂਦਾ।

... ... ...

ਇਹ ਕਵਿਤਾ ਦੀ ਵਿਸ਼ੇਸ਼ਤਾ ਰਹੀ ਹੈ ਕਿ ਇਹ ਬਾਹਰ ਗਲੀ ਵਿਚ ਨਿਕਲ ਆਉਂਦੀ ਹੈ, ਇਸ ਜਾਂ ਉਸ ਹਮਲੇ ਵਿਚ ਹਿੱਸਾ ਲੈਂਦੀ ਹੈ। ਕਵੀ ਡਰਦਾ ਨਹੀਂ, ਜਦੋਂ ਉਸ ਨੂੰ ਬਾਗ਼ੀ ਆਖਦੇ ਹਨ। ਕਵਿਤਾ ਬਗ਼ਾਵਤ ਹੈ।

... ... ...

ਮੈਂ ਦੂਸਰਿਆਂ ਨੂੰ ਜੀਊਂਦੇ ਰਹਿਣ ਤੇ ਆਪ ਜੀਣ ਦਾ ਪੱਕਾ ਇਰਾਦਾ ਬਣਾ ਲਿਆ ਸੀ। ਮੈਂ ਆਪਣੇ ਤੇ ਕੀਤੇ ਸਾਹਿਤਕ ਹਮਲੇ ਦਾ ਕਦੀ ਉੱਤਰ ਨਹੀਂ ਦਿੱਤਾ ਤੇ ਹਾਲੀ ਵੀ ਨਹੀਂ ਦਿੰਦਾ। ਮੈਂ ਜਵਾਬੀ ਹਮਲਾ ਨਹੀਂ ਕਰਦਾ।

... ... ...

ਪਰ ਕਵਿਤਾ ਮਰ ਨਹੀਂ ਗਈ। ਬਿੱਲੀ ਵਾਂਗ ਇਹ ਨੌਂ ਜਨਮ ਲੈਂਦੀ ਹੈ, ਉਹ ਇਸ ਨੂੰ ਪ੍ਰੇਸ਼ਾਨ ਕਰਦੇ ਹਨ, ਗਲੀਆਂ ਵਿਚ ਦੀ ਇਸ ਨੂੰ ਧੂਹਦੇ ਹਨ, ਇਸ ਤੇ ਥੁੱਕਦੇ ਹਨ, ਇਸ ਨੂੰ ਆਪਣੀਆਂ ਟਿੱਚਰਾਂ ਦਾ ਨਿਸ਼ਾਨਾ ਬਣਾਉਂਦੇ ਹਨ, ਇਸ ਦਾ ਗਲਾ ਘੁੱਟਣ ਦਾ ਯਤਨ ਕਰਦੇ ਹਨ, ਦੇਸ਼ ਨਿਕਾਲੇ ਲਈ ਮਜਬੂਰ ਕਰਦੇ ਹਨ, ਇਸ ਨੂੰ ਜੇਲ੍ਹ ਵਿਚ ਸੁੱਟਦੇ ਹਨ ਤੇ ਇਸ ਦੇ ਦਿਲ ਵਿਚ ਸਿੱਕਾ ਠੋਕਦੇ ਹਨ। ਐਪਰ ਇਹ ਹਰ ਅਜੇਹੀ ਕੋਸ਼ਿਸ਼ 'ਚੋਂ ਚੌਲਾਂ ਦੀਆਂ ਕਣੀਆਂ ਵਾਂਗ ਚਿੱਟੀ ਮੁਸਕਾਨ ਤੇ ਸਾਫ ਚਿਹਰੇ ਨਾਲ, ਬਚ ਨਿਕਲਦੀ ਹੈ।

... ... ...

ਮੇਰੀ ਕਵਿਤਾ, ਅਜੇ ਵੀ, ਬਾਰਸ਼ ਵਿਚੋਂ ਦੀ ਲੰਘਦੀ ਉਹ ਪਗਡੰਡੀ ਹੈ, ਜਿਸ ਉੱਤੋਂ ਦੀ ਸਕੂਲ ਜਾਂਦੇ ਬੱਚੇ, ਨੰਗੇ ਪੈਰੀਂ ਤੁਰਦੇ ਹਨ।

—O—

## ਮਜ਼ਦੂਰ/ਇਬਾਦ ਨਬੀਲ ਸ਼ਾਦ (ਪਾਕਿਸਤਾਨ)

ਭੁੱਖ ਦਾ ਨ੍ਹੇਰਾ
ਦੂਰ ਕਰਨ ਲਈ
ਆਪਣੀ ਰੱਤ ਦੇ ਦੀਵੇ ਬਾਲੇ
ਚਾਨਣ ਲੱਭੇ
ਲੱਭ ਨਾ ਸੱਕੇ।

# ਰਾਵੀ ਦੇ ਆਰ ਪਾਰ

ਮੁਖਤਿਆਰ ਸਿੰਘ

ਮਸੀਹ ਦੀ ਨਿਗਾਹ, ਹੌਲੀ-ਹੌਲੀ ਚਾਰ-ਚੁਫੇਰੇ ਘੁੰਮਦੀ ਗਈ। ਉਸ ਨੇ ਦੇਖਿਆ, ਇਕ ਪਾਸੇ ਰਾਵੀ ਦਾ ਚਮਕਦਾ ਪਾਣੀ ਤੇ ਦੂਜੇ ਪਾਸੇ ਧੁੱਸੀ ਦੀਆਂ ਜੜ੍ਹਾਂ 'ਚ ਪਿੰਡ ਦੀ ਚਹਿਲ-ਪਹਿਲ। ਪਾਣੀ ਤੋਂ ਉਰਾਂ ਅਤੇ ਪਰ੍ਹਾਂ ਖੇਤਾਂ 'ਚ ਲਹਿ ਲੁਹਾਉਂਦੀਆਂ ਫਸਲਾਂ। ਧੁੱਸੀ ਦੀ ਢਲਾਣ 'ਚ ਉਸ ਦੀ ਚਾਰ ਕੁ ਖਣਾਂ ਦੀ ਕੱਚੀ ਕੋਠੜੀ। ਦੂਰ ਤੱਕ ਰਾਵੀ ਦਾ ਪਾਣੀ ਛੱਲਾਂ ਮਾਰਦਾ, ਚਮਕਦਾ ਆਪਣੀ ਮਸਤ ਚਾਲੇ ਵਹਿ ਰਿਹਾ।

ਬੱਕਰੀ ਉਸ ਵੱਲ ਦੇਖ ਕੇ ਮਿਆਂਕਣ ਲੱਗ ਪਈ।

"ਉਹ? ਰਾਵੀ ਦਾ ਪਾਣੀ ਨ੍ਹੀਂ? ਉਹ ਤਾਂ ਉਹ ਤਾਂ.........।" ਮਸੀਹ ਬੁੜਬੁੜਾਉਂਦਾ, ਬੱਕਰੀ ਕੋਲ ਆ ਗਿਆ, "ਚਲਦੇ ਆਂ ਚਲਦੇ ਆਂ ਧੁੱਸੀ 'ਤੇ।" ਉਹ ਬੱਕਰੀ ਖੋਲ੍ਹਣ ਲੱਗਾ ਤਾਂ ਉਹ ਬੈਠ ਗਈ, "ਹੈਂ? ਕਿੰਨੀ ਸਿਆਣੀ ਐ......ਪਾਣੀ ਨ੍ਹੀਂ ਆਇਆ ਅਜੇ?"

ਮਸੀਹ, ਬੱਕਰੀ ਦੇ ਲਾਗੇ ਮੰਜੀ 'ਤੇ ਬਹਿ ਗਿਆ। ਉਸਨੇ ਹੁੱਕੇ ਦਾ ਸੂਟਾ ਖਿੱਚਿਆ ਤਾਂ ਪਾਣੀ 'ਚ ਗੁੜ ਗੁੜ ਹੀ ਹੋਈ। ਚਿਲਮ 'ਚ ਅੱਗ ਪਾਉਣ ਲਈ ਉਹ ਚੁੱਲ੍ਹੇ ਵੱਲ ਗਿਆ ਤਾਂ ਟੋਟੇ ਹੋਈਆਂ ਪਾਥੀਆਂ ਦੇ ਅੰਗਿਆਰ ਬਣ ਕੇ ਸੁਆਹ ਹੋ ਗਈ। ਹੁਣੇ ਤਾਂ ਉਹ ਪਾਥੀਆਂ ਨੂੰ ਫੂਕਾਂ ਮਾਰ ਕੇ ਗਿਆ ਸੀ। ਧੂੰਏਂ ਨਾਲ ਉਸ ਦੀਆਂ ਅੱਖਾਂ 'ਚੋਂ ਪਾਣੀ ਆਇਆ। ਅੱਖਾਂ ਮਲਦਾ-ਮਲਦਾ ਉਹ ਧੁੱਸੀ ਉੱਤੇ ਜਾ ਬੈਠਿਆ। ਕੁਝ ਚਿਰ ਅੱਖਾਂ ਮਲਦਾ ਰਿਹਾ, ਫਿਰ ਥੋੜਾ ਅਰਾਮ ਕਰਕੇ ਚੁਫੇਰੇ ਦੇਖਣ ਲੱਗ ਪਿਆ ਸੀ।

ਉਹ ਚਿਮਟੇ ਨਾਲ ਅੰਗਿਆਰ ਚੁੱਕਣ ਲੱਗਾ ਤਾਂ ਅੰਗਿਆਰ ਭੁਰ ਗਿਆ। ਸੁਆਹ ਖਿੱਲਰ ਗਈ। ਉਸ ਨੇ ਖਿਝ ਕੇ ਸੁਆਹ 'ਚ ਚਮਕਦੇ ਬਰੀਕ ਸੋਨੇ ਰੰਗੇ ਚੰਗਿਆੜੇ ਹੀ ਚਿਲਮ ਵਿਚ ਪਾ ਲਏ। ਤੰਬਾਕੂ ਦੀ ਪੋਟਲੀ 'ਚੋਂ ਚੁਟਕੀ ਪਾਈ ਤੇ ਮੰਜੀ ਉੱਤੇ ਬੈਠ ਕੇ ਹੁੱਕੇ ਦੀ ਗੁੜ-ਗੁੜ ਕਰਨ ਲੱਗ ਪਿਆ। ਧੂੰਆਂ ਫੇਫੜਿਆਂ ਵਿਚੀਂ ਹੁੰਦਾ ਹੋਇਆ ਨਾਸਾਂ ਰਾਹੀਂ ਬਾਹਰ ਨਿਕਲਦਾ ਰਿਹਾ। ਉਸ ਦੀਆਂ ਮੁੱਛਾਂ, ਨਾਸਾਂ ਅੱਗੋਂ ਪੀਲੀਆਂ ਹੋ ਗਈਆਂ ਸਨ। ਸੂਟਾ ਖਿੱਚ ਕੇ ਉਹ ਅਰਾਮ ਜਿਹਾ ਮਹਿਸੂਸ ਕਰਦਾ।

ਉਸ ਦੀ ਨਿਗਾਹ, ਵਿਹੜੇ ਵਿਚਲੀ ਕਿੱਕਰ ਵੱਲ ਗਈ ਤਾਂ ਉਹ ਅੱਖਾਂ ਅੱਡ ਕੇ ਝਾਕਣ ਲੱਗ ਪਿਆ। ਉਸ ਨੂੰ ਕਿੱਕਰ ਦੇ ਤਣੇ ਤੋਂ ਉੱਪਰ ਦੁਸਾਂਗੜ ਵਿਚ ਝੋਨੇ ਦੀ ਪਰਾਲੀ ਫਸੀ ਦਿਸਣ ਲੱਗੀ। ਕਿੱਕਰ ਉਸੇ ਤਰ੍ਹਾਂ ਪਾਣੀ ਵਿਚ ਦੁਸਾਂਗੜ ਤੱਕ ਡੁੱਬੀ ਹੋਈ। ਉਸ ਨੂੰ ਵਿਹੜੇ ਦਾ ਨਾਂ ਨਿਸ਼ਾਨ ਨਹੀਂ ਸੀ ਦਿਸਦਾ। ਕੋਠੜੀ ਦੇ ਬਨੇਰੇ ਹੀ ਨੰਗੇ ਰਹਿ ਗਏ ਸਨ।

ਉਹ, ਛੇਤੀ-ਛੇਤੀ ਬੱਕਰੀ ਖੋਲ੍ਹ ਕੇ ਧੁੱਸੀ ਉੱਤੇ ਜਾ ਚੜ੍ਹੇ। ਦੋ ਫੁੱਟ ਪਾਣੀ ਇਕ ਦਮ ਹੀ ਆ ਗਿਆ। ਰਾਵੀ ਵਾਲੇ ਪਾਸਿਉਂ ਨਹੀਂ, ਦੂਜੇ ਪਾਸਿਉਂ ਪਿੰਡ ਵਲੋਂ। ਤੜਕਾ ਹੋਣ



ਵਾਲਾ। ਸਭ ਅੱਬੜ-ਵਾਹੇ ਉੱਠੇ। ਮਸੀਹ ਦੇ ਦੋਵੇਂ ਮੁੰਡੇ ਫਟਾਫੱਟ ਜਿੰਨਾ ਕੁ ਸਮਾਨ ਧੁੱਸੀ ਉੱਤੇ ਲਿਜਾ ਸਕੇ, ਲੈ ਗਈਆਂ। ਉਸ ਦੀਆਂ ਦੋਵੇਂ ਧੀਆਂ ਆਪਣੀ ਆਪਣੀ ਮੰਜੀ ਚੁੱਕ ਕੇ ਲੈ ਗਏ। ਐਨੇ ਨੂੰ ਪਾਣੀ ਹੋਰ ਚੜ੍ਹ ਆਇਆ। ਪਿੰਡ 'ਚੋਂ ਜ਼ਨਾਨੀਆਂ, ਨਿਆਣੇ ਤੇ ਬੰਦੇ ਹਾਲ-ਦੁਹਾਈ ਪਾਉਂਦੇ ਧੁੱਸੀ ਵੱਲ ਆਉਣ ਲੱਗੇ। ਜਿੰਨੇ ਕੁ ਡੰਗਰਾਂ ਦੇ ਰੱਸੇ ਕਿਸੇ ਤੋਂ ਖੋਲ੍ਹ ਹੋਏ, ਖੋਲ੍ਹ ਦਿੱਤੇ। ਸਾਰੇ ਜਣੇ, ਨਿਆਣਿਆਂ ਨੂੰ ਪਾਣੀ ਵਿਚੀਂ ਘੜੀਸੀ ਧੁੱਸੀ ਵੱਲ ਆਉਣ ਲੱਗ ਪਏ। ਉਧਰ ਰਾਵੀ ਵਲੋਂ ਵੀ ਪਾਣੀ ਚੜ੍ਹ ਆਇਆ। ਜਾਪਦਾ ਸੀ ਧੁੱਸੀ ਨੂੰ ਪਾਰ ਕਰ ਜਾਵੇਗਾ ਅਤੇ ਸਣੇ ਧੁੱਸੀ ਸਭ ਨੂੰ ਰੋੜ ਕੇ ਲੈ ਜਾਵੇਗਾ। ਸਾਰੇ ਸੁੰਨ ਹੋਏ ਖੜੇ ਸਨ। ਕਈ ਡੰਗਰ, ਪਾਣੀ ਵਿਚ ਰੁੜੇ ਜਾਂਦੇ ਦਿਸੇ। ਪਿਛਲੇ ਪਿੰਡਾਂ ਤੋਂ ਮੰਜੇ, ਕਪੜੇ, ਮੁਰਦੇ, ਭਾਂਡੇ, ਟਰੰਕ ਸੰਦੂਕ ਪਾਣੀ 'ਚ ਤੈਰਦੇ ਉਹਨਾਂ ਦੇ ਸਾਹਮਣੇ ਤੋਂ ਲੰਘਣ ਲੱਗੇ। ਦੋ ਤਿੰਨ ਘੰਟਿਆਂ ਵਿਚ ਹੀ ਪਾਣੀ ਕਾਫੀ ਚੜ੍ਹ ਆਇਆ। ਫਸਲਾਂ ਦਾ ਕਿਤੇ ਨਾਂ-ਨਿਸ਼ਾਨ ਨਹੀਂ ਸੀ ਦਿਸਦਾ। ਦਰੱਖਤਾਂ ਦੀਆਂ ਛੱਤਰੀਆਂ ਬਣ ਗਈਆਂ ਜਾਪਦੀਆਂ।

ਪਾਣੀ ਧੁੱਸੀ ਤੋਂ ਉੱਪਰ ਚੜ੍ਹਨ ਵਾਲਾ ਹੋ ਗਿਆ। ਸਾਰਿਆਂ ਦੀ ਜਾਨ ਨੂੰ ਬਣ ਗਈ ਕਿ ਹੁਣੇ ਧੁੱਸੀ, ਰਾਵੀ ਵੱਲ ਸਭ ਕੁਝ ਰੋੜ੍ਹ ਕੇ ਵਹਿ ਜਾਵੇਗੀ।

ਮਸੀਹ ਦੇ ਮੁੰਡਿਆਂ ਨੇ ਪੰਜ ਸੱਤ ਗੱਭਰੂ ਨਾਲ ਲਏ। ਫਰਲਾਂਗ ਕੁ ਦੇ ਫਾਸਲੇ ਉਤੇ ਜਾ ਕੇ ਧੁੱਸੀ ਨੂੰ ਥੋੜਾ ਵੱਢ ਦਿੱਤਾ। ਇਕ ਵਾਰ ਪਾਣੀ ਤੁਰਨ ਦੀ ਦੇਰ ਸੀ ਬਸ ਮਿੰਟਾਂ ਵਿਚ ਹੀ ਖਾਰ ਪਾ ਕੇ, ਪਾਣੀ ਨੇ ਵੀਹ ਪੰਝੀ ਫੁੱਟ ਪਾੜ ਪਾ ਲਿਆ। ਪਾਣੀ ਸ਼ੂਕਦਾ ਹੋਇਆ ਰਾਵੀ ਵੱਲ ਭੱਜਿਆ। ਬੱਚਿਆਂ, ਬੁੱਢਿਆਂ ਤੇ ਜੁਆਨਾਂ ਤੋਂ ਡੰਗਰ ਅਤੇ ਹੋਰ ਸਮਾਨ ਰੁੜ੍ਹਿਆ ਜਾਂਦਾ ਦੇਖਿਆ ਨਹੀਂ ਸੀ ਜਾ ਰਿਹਾ।

ਮਸੀਹ ਦੇ ਮੁੰਡਿਆਂ ਨੇ ਇਕ ਬੱਚਾ ਰੁੜ੍ਹਿਆ ਜਾਂਦਾ ਦੇਖ ਲਿਆ। ਉਨ੍ਹਾਂ ਨੂੰ ਜਾਪਿਆ ਬੱਚਾ ਅਜੇ ਜ਼ਿੰਦਾ ਹੈ। ਉਨ੍ਹਾਂ ਨੇ ਸਿਰ ਤੋਂ ਪੱਗ ਲਾਹ ਕੇ ਬੱਚੇ ਵੱਲ ਸੁੱਟੀ, ਪਰ ਥੋੜਾ ਪਿਛੇ ਰਹਿ ਗਈ। ਉਨ੍ਹਾਂ ਨੇ ਇਕ ਪੈਰ ਤੇਜ਼ ਪਾਣੀ ਵਿਚ ਪਾ ਕੇ ਦੁਬਾਰਾ ਪੱਗ ਦਾ ਲੜ ਸੁੱਟਿਆ ਫਿਰ ਵੀ ਪੱਗ ਪਿਛੇ ਰਹਿ ਗਈ। ਤੀਸਰੀ ਵਾਰ ਇਕ ਜਣੇ ਨੇ ਉਸ ਨੂੰ ਕੰਢੇ ਉੱਤੇ ਖੜੇ ਨੂੰ ਫੜ ਲਿਆ ਤੇ ਉਸ ਨੇ ਪੱਗ ਪਾਣੀ 'ਚ ਸੁੱਟੀ। ਉਹ ਬੱਚੇ ਉੱਤੇ ਡਿੱਗ ਪਈ। ਪਰ ਬੱਚੇ ਨੂੰ ਪਤਾ ਹੀ ਨਹੀਂ ਸੀ ਕਿ ਉਸ ਨੂੰ ਕੋਈ ਸਹਾਰਾ ਦੇ ਰਿਹਾ ਸੀ। ਜਿਸ ਕੰਢੇ ਉਹ ਖੜੇ ਸੀ। ਪਾਣੀ ਨੇ ਖਾਰ ਪਾ ਕੇ ਮਿੱਟੀ ਰੋੜ ਦਿੱਤੀ। ਉਹ ਸੰਭਲ ਨਾ ਸਕੇ, ਪਾਣੀ ਵਿਚ ਡਿੱਗਣ ਦੀ ਦੇਰ ਹੀ ਸੀ ਕਿ ਛੱਲਾਂ ਨਾਲ ਕਿਤੇ ਦੇ ਕਿਤੇ ਗੋਤੇ ਖਾ ਗਏ। ਬੱਚਾ, ਪਾਣੀ ਦੇ ਤੇਜ਼ ਵਹਾ ਨਾਲ ਉਨ੍ਹਾਂ ਤੋਂ ਕਾਫੀ ਦੂਰ ਚਲਾ ਗਿਆ। ਪਾਣੀ ਨੇ ਉਨ੍ਹਾਂ ਨੂੰ ਪਿਛੇ ਨਹੀਂ ਮੁੜਨ ਦਿੱਤਾ। ਹਾਹਾਕਾਰ ਮੱਚ ਗਈ। ਮਸੀਹ, ਪਾਣੀ ਵਿਚ ਛਾਲ ਮਾਰਨ ਲੱਗਾ। ਉਸ ਦੀਆਂ ਕੁੜੀਆਂ, "ਭਾਅ ਭਾਅ" ਕਰਦੀਆਂ ਪਾਣੀ ਵਿਚ ਨੂੰ ਭੱਜੀਆਂ। ਪਿੰਡ ਵਾਲਿਆਂ ਨੇ ਉਨ੍ਹਾਂ ਨੂੰ ਫੜਿਆ ਹੋਇਆ ਸੀ। ਨਾਲੇ ਦਿਲਾਸਾ ਦੇ ਰਹੇ ਸਨ, "ਕੁਰਬਾਨੀ ਕੀਤੀ ਐ ਛਿੰਦਿਆਂ ਨੇ, ਸਾਰੇ ਪਿੰਡ ਨੂੰ ਬਚਾ ਲਿਆ, ਨਹੀਂ ਤਾਂ ਹੁਣ ਨੂੰ ਆਹ ਧੁੱਸੀ ਸਮੇਤ ਰੁੜ੍ਹ ਜਾਂਦੇ......।"

ਸਾਰਿਆਂ ਦੇ ਸਾਹਮਣੇ ਉਹ ਕਿਤੇ ਦੇ ਕਿਤੇ ਦੂਰ ਰਾਵੀ ਵਿਚ ਅਲੋਪ ਹੋ ਗਏ।

ਬੱਕਰੀ ਨੇ ਉੱਠ ਕੇ 'ਮਿਆਂ ਮਿਆਂ' ਕੀਤੀ। ਮਸੀਹ ਨੇ ਹੁੱਕੇ ਦੀ ਨੜੀ ਨਾਲੋਂ ਮੂੰਹ ਚੁੱਕ, ਉਸ ਵੱਲ ਦੇਖਿਆ। ਬੱਕਰੀ ਉਸ ਵੱਲ ਦੇਖ ਕੇ ਚੁੱਪ ਕਰ ਗਈ। ਮਸੀਹ ਦੀਆਂ ਅੱਖਾਂ 'ਚ ਪਾਣੀ ਵਹਿ ਹਟਿਆ ਸੀ। ਉਸ ਨੇ ਸੂਟਾ ਖਿੱਚਿਆ ਤਾਂ ਅੰਗਿਆਰਾਂ ਦੀ ਸੁਆਹ ਹੋਣ ਕਰਕੇ ਪਾਣੀ 'ਚ ਹੀ ਗੁੜ ਗੜ ਹੋਈ। ਉਸ ਨੇ ਹੁੱਕਾ ਪਰੇ ਕਰ ਦਿੱਤਾ। ਬੱਕਰੀ ਦੇ ਅੱਗੇ ਪਾਣੀ ਦੀ ਬਾਲਟੀ ਰੱਖ ਦਿੱਤੀ। ਬੱਕਰੀ ਨੇ ਜਿੰਨਾ ਕੁ ਪਾਣੀ ਪੀਣਾ ਸੀ, ਪੀ ਲਿਆ।

ਮਸੀਹ ਹੌਲੀ ਹੌਲੀ ਧੁੱਸੀ ਉੱਪਰ ਜਾ ਬੈਠਿਆ। ਰਾਵੀ ਵੱਲ ਉਹ ਦੂਰ ਤਕ ਚਮਕਦੇ ਪਾਣੀ ਨੂੰ ਦੇਖਣ ਲੱਗ ਪਿਆ। ਉਸ ਨੂੰ ਉਸੇ ਤਰ੍ਹਾਂ ਆਪਣੇ ਮੁੰਡੇ, ਡੰਗਰ, ਬੰਦੇ, ਸਮਾਨ ਰੁੜ੍ਹਿਆ ਜਾਂਦਾ ਨਜ਼ਰ ਆਉਣ ਲੱਗ ਪਿਆ।

ਧੁੱਸੀ ਉੱਤੇ ਬੈਠੇ ਖੜੇ ਪਿੰਡ ਦੇ ਲੋਕ ਅਸਮਾਨ ਵੱਲ ਮੂੰਹ ਕਰਕੇ ਦੁਆ ਮੰਗ ਰਹੇ ਸਨ। ਜਿੰਨਾ ਕੁ ਆਟਾ ਕਿਸੇ ਨੇ ਛੇਤੀ ਵਿਚ ਚੁਕ ਲਿਆਂਦਾ, ਇਕ ਥਾਂ ਇਕੱਠਾ ਕਰਕੇ ਪਕਾਇਆ ਗਿਆ। ਜਿੰਨੀ ਕੁ ਬੁਰਕੀ ਕਿਸੇ ਦੇ ਹਿੱਸੇ ਆਈ ਰਲ ਮਿਲ ਕੇ ਖਾਂਦੇ ਰਹੇ। ਮੱਝਾਂ ਚੋ ਕੇ ਦੁੱਧ ਛੋਟੇ ਨਿਆਣਿਆਂ ਨੂੰ ਪਿਆ ਦਿੱਤਾ।

ਦੋ ਕੁ ਦਿਨਾਂ ਵਿਚ ਹੀ ਸਾਰਾ ਰਾਸ਼ਨ ਮੁੱਕ ਗਿਆ। ਚਾਰ-ਚੁਫੇਰੇ ਪਾਣੀ ਹੁੰਦਿਆਂ ਵੀ ਪੀਣ ਵਾਲਾ ਪਾਣੀ ਕਿਤੇ ਨਹੀਂ ਸੀ।

ਇਕ ਦੋ ਵਾਰ ਹੈਲੀਕਾਪਟਰ ਨੇ ਗੇੜੇ ਕੱਢੇ। ਨੀਵਾਂ ਹੋ ਕੇ ਬਰੈੱਡ, ਸੁੱਕਾ ਦੁੱਧ ਦੇ ਪੈਕਟ ਸੁੱਟੇ। ਉਹ ਤਾਂ ਇਕ ਡੰਗ ਦਾ ਸਮਾਨ ਵੀ ਨਹੀਂ ਸੀ। ਮੁੜ ਕਦੇ ਕੋਈ ਹੈਲੀਕਾਪਟਰ ਨਹੀਂ ਸੀ ਦਿਸਿਆ। ਸਾਰੇ ਮੂੰਹ ਚੁੱਕ-ਚੁੱਕ ਅਸਮਾਨ ਵੱਲ ਝਾਕਦੇ ਰਹੇ।

ਮਸੀਹ ਨੂੰ ਪਿਸ਼ਾਬ ਆਇਆ ਤਾਂ ਉਹ ਧੀਆਂ ਨੂੰਹਾਂ ਦੇ ਸਾਹਮਣੇ ਕਿਵੇਂ ਕਰਦਾ? ਧੁੱਸੀ ਦਾ ਥੋੜਾ ਟੋਟਾ ਹੀ ਰੋੜ੍ਹ ਤੋਂ ਬਚਿਆ ਸੀ ਜਿਸ ਉੱਪਰ ਸਾਰਾ ਪਿੰਡ, ਡੰਗਰ ਪਸ਼ੂ ਬੈਠੇ ਸਨ। ਧੀਆਂ, ਭੈਣਾਂ ਵੀ ਰਾਤ ਪੈਣ ਦੀ ਉਡੀਕ ਵਿਚ ਬੈਠੀਆਂ ਰਹਿੰਦੀਆਂ। ਰਾਤ ਨੂੰ ਪਾਣੀ ਦੇ ਕੰਢੇ ਇਕ ਦੂਜੀ ਦਾ ਹੱਥ ਫੜ ਕੇ ਪਿਸ਼ਾਬ ਟੱਟੀ ਕਰ ਲੈਂਦੀਆਂ। ਦੂਜੇ ਪਾਸੇ ਦੇ ਕੰਢੇ ਉੱਤੇ ਬੰਦੇ ਵੀ ਏਸੇ ਤਰ੍ਹਾਂ।

ਧੁੱਸੀ ਦੇ ਦੂਰ ਪਰਲੇ ਪਾਸੇ ਕੁਝ ਬੇਲਦਾਰ ਪਾੜ ਪੂਰਨ ਦੀ ਕੋਸ਼ਿਸ਼ ਵਿਚ ਉਸ ਪਾਸੇ ਹੀ ਫਸ ਗਏ ਸਨ। ਇਕ ਦੋ ਤਾਂ ਪਾਣੀ ਵਿਚ ਹੀ ਰੁੜ੍ਹ ਗਏ। ਬਾਕੀ ਭੁੱਖਣ ਭਾਣੇ, ਮੁੱਠੀ 'ਚ ਜਾਨ ਲਈ ਬੈਠੇ ਰਹੇ। ਪਾਣੀ ਦੇ ਬੌਂਦਲਾਏ ਸੱਪ, ਧੁੱਸੀ ਉੱਤੇ ਚੜ੍ਹ ਆਏ। ਉਨ੍ਹਾਂ ਨੇ ਕਿਸੇ ਨੂੰ ਕੁਝ ਕਿਹਾ ਨਹੀਂ ਸੀ, ਜਿਵੇਂ ਰਲ ਕੇ ਮੁਸ਼ਕਿਲ ਦਾ ਮੁਕਾਬਲਾ ਕਰ ਰਹੇ ਹੋਣ।

ਮਿਲਟਰੀ ਟਾਵਰ ਵਾਲੇ, ਧੁੱਸੀ ਦੇ ਇਕ ਕੰਢੇ ਉੱਤੇ ਫਸ ਗਏ। ਉਨ੍ਹਾਂ ਵਿਚੋਂ ਕੁਝ ਕੁ ਤਾਂ ਧੁੱਸੀ ਉੱਤੇ ਆਉਂਦੇ ਆਉਂਦੇ ਹੀ ਪਾਣੀ 'ਚ ਰੁੜ੍ਹ ਗਏ। ਬਾਕੀਆਂ ਨੂੰ ਦੂਜੇ ਦਿਨ



ਮਿਲਟਰੀ ਵਾਲਿਆਂ ਨੇ ਵੱਡਾ ਸਟੀਮਰ ਲਿਆ ਕੇ ਕੱਢ ਲਿਆ। ਤੇਜ਼ ਪਾਣੀ ਵਿਚ ਛੋਟੀ ਕਿਸ਼ਤੀ ਚਲ ਹੀ ਨਹੀਂ ਸੀ ਸਕੀ।

ਪੰਜ ਛੇ ਦਿਨਾਂ ਪਿਛੋਂ ਪਾਣੀ ਉਤਰਿਆ। ਸਾਰਿਆਂ ਨੇ ਸ਼ੁਕਰ ਕੀਤਾ। ਉਹ ਆਪਣੇ ਆਪਣੇ ਘਰਾਂ ਵੱਲ, ਚਿੱਕੜ ਵਿਚੀਂ ਨੱਠੇ ਪਰ, ਸਿਵਾਏ ਕੰਧਾਂ ਤੋਂ ਕੁਝ ਵੀ ਨਹੀਂ ਸੀ ਬਚਿਆ। ਸਾਰਾ ਸਮਾਨ ਪਾਣੀ ਰੋੜ੍ਹ ਕੇ ਲੈ ਗਿਆ ਸੀ। ਉਹਨਾਂ ਨੇ ਕੰਧਾਂ ਉਤੇ ਚਾਦਰਾਂ ਪਾ ਕੇ ਛਾਂ ਕਰ ਲਈ। ਹੌਲੀ ਹੌਲੀ ਦੂਜੇ ਇਲਾਕੇ ਦੇ ਲੋਕਾਂ ਵਲੋਂ ਰਾਹਤ ਪਹੁੰਚਣੀ ਸ਼ੁਰੂ ਹੋ ਗਈ। ਟਰੱਕਾਂ ਦੇ ਟਰੱਕ, ਕੰਬਲ, ਰਜਾਈਆਂ, ਪਾਉਣ ਵਾਲੇ ਕਪੜੇ, ਕਣਕ, ਆਟਾ, ਖੰਡ, ਚਾਹ-ਪੱਤੀ, ਗੁੜ, ਮੋਮਬੱਤੀਆਂ ਤੇ ਫਲ ਫਰੂਟਾਂ ਦੇ ਭਰੇ, ਆਉਣ ਲੱਗੇ। ਸਰਕਾਰੀ ਰਾਹਤ ਨਾ-ਮਾਤਰ ਹੀ ਪਹੁੰਚ ਸਕੀ। ਕੁਝ ਰਸਤੇ ਵਿਚ, ਕੁਝ ਪਟਵਾਰੀਆਂ, ਤਹਿਸੀਲ-ਦਾਰਾਂ, ਸਰਪੰਚਾਂ ਨੇ ਖਾ ਲਈ ਸੀ। ਰਾਹਤ ਵਾਲੇ ਟਰੱਕ ਜਦੋਂ ਹੜ੍ਹ ਵਾਲੇ ਇਲਾਕੇ 'ਚ ਆਉਂਦੇ ਤਾਂ ਪਿੰਡਾਂ ਦੀਆਂ ਸੜਕਾਂ ਕੰਢੇ, ਨਿਆਣੇ ਜ਼ਨਾਨੀਆਂ ਖੜੇ ਦਿਸਦੇ। ਉਹ ਟਰੱਕ ਰੋਕ ਕੇ ਰਾਹਤ ਦੀ ਮੰਗ ਕਰਦੇ, ਪਾਟੇ-ਪੁਰਾਣੇ ਕੱਪੜਿਆਂ 'ਚ ਉਹ ਮੰਗਤਿਆਂ ਵਾਂਗ ਲਿਲਕੜੀਆਂ ਕੱਢਦੇ, "ਮਾਰੇ ਗਏ ਤਬਾਹ ਹੋਗੇ ਕੁਝ ਨਾ ਕੁਝ ਦੇ ਜੋ।" ਜਿਹੜੇ ਪਹਿਲੀ ਵਾਰ ਰਾਹਤ ਵੰਡਣ ਆਏ ਹੁੰਦੇ, ਉਹ ਤਰਸ ਖਾ ਕੇ ਉਹਨਾਂ ਨੂੰ ਹੀ ਵੰਡ ਜਾਂਦੇ। ਕਈਆਂ ਨੇ ਤਾਂ ਰਜਾਈਆਂ ਅਤੇ ਕਪੜੇ ਲੈ ਲੈ ਕੇ ਵੇਚਣੇ ਸ਼ੁਰੂ ਕਰ ਦਿਤੇ ਸਨ। ਉਹ ਐਨੇ ਰੱਖਦੇ ਕਿੱਥੇ? ਉਹਨਾਂ ਨੇ ਰਾਹਤ ਵਾਲਿਆਂ ਦੀਆਂ ਦਿਤੀਆਂ ਪੋਲੀਥੀਨ ਦੀਆਂ ਵੱਡੀਆਂ ਤਰਪਾਲਾਂ ਹੀ ਕੰਧਾਂ ਉਤੇ ਰੱਖ ਕੇ ਛੱਤ ਬਣਾਈ ਹੋਈ ਸੀ।

ਮਸੀਹ ਖਾਲੀ ਪਏ ਖੇਤਾਂ ਵੱਲ ਝਾਕਦਾ ਰਿਹਾ। ਝੋਨੇ ਦੀ ਸੁਆਹ ਬਣ ਗਈ ਸੀ। ਉਹਨਾਂ ਦੇ ਪਿੰਡ ਤਕ, ਰਾਹਤ ਬਹੁਤ ਘੱਟ ਪਹੁੰਚੀ। ਜਿਹੜੇ ਪਹੁੰਚੇ ਸਨ ਉਹ ਮਸੀਹ ਨੂੰ ਦੱਸਦੇ ਕਿ ਪਾਣੀ, ਰਾਵੀ ਦਾ ਨਹੀਂ ਸੀ ਚੜ੍ਹਿਆ। ਬਾਰਸ਼ ਜਿਆਦਾ ਹੋਣ ਕਰਕੇ ਡੈਮਾਂ ਦੇ ਫੱਟੇ ਚੁੱਕ ਦਿਤੇ ਸਨ। ਉਹਨਾਂ ਨੂੰ ਖਤਰਾ ਪੈਦਾ ਹੋ ਗਿਆ ਸੀ ਕਿ ਜ਼ਿਆਦਾ ਪਾਣੀ ਜਮਾਂ ਹੋ ਜਾਣ ਕਰਕੇ ਡੈਮ ਟੁੱਟ ਜਾਣਗੇ। ਇਕ ਜਣੇ ਨੇ ਦੱਸਿਆ, "ਪਾਣੀ ਦਾ ਲੈਵਲ ਤਾਂ ਹੌਲੀ ਹੌਲੀ ਵਧਿਆ, ਉਸ ਹਿਸਾਬ ਨਾਲ ਥੋੜ੍ਹਾ ਥੋੜ੍ਹਾ ਕਰਕੇ ਨਹੀਂ ਛੱਡਿਆ। ਉਹਨਾਂ ਨੂੰ ਕੀ? ਰਾਵੀ, ਬਿਆਸ ਅਤੇ ਸਤਲੁਜ ਤੋਂ ਪਾਣੀ ਝੱਲਿਆ ਨਾ ਗਿਆ। ਪਿੰਡਾਂ ਦੇ ਪਿੰਡ ਰੁੜ੍ਹ ਗਏ। ਫਸਲਾਂ ਤਬਾਹ ਹੋ ਗਈਆਂ।"

ਰਾਹਤ ਦੇਣ ਆਏ ਏਸ ਤਰ੍ਹਾਂ ਦੀਆਂ ਗੱਲਾਂ ਕਰਦੇ ਸਨ। ਮਸੀਹ, ਉਹਨਾਂ ਦੇ ਮੂੰਹਾਂ ਵੱਲ ਝਾਕੀ ਜਾਂਦਾ। ਜਦੋਂ ਉਹ ਆਪਣੇ ਮੁੰਡਿਆਂ ਦੇ ਰੁੜ੍ਹ ਜਾਣ ਦੀ ਗੱਲ ਕਰਦਾ ਤਾਂ ਸਾਰੇ ਚੁੱਪ ਹੋ ਜਾਂਦੇ। ਥੋੜੇ ਚਿਰ ਪਿਛੋਂ ਕੋਈ ਨਾ ਕੋਈ ਕਹਿ ਦਿੰਦਾ, "ਕੋਈ ਨਾ ਬਜ਼ੁਰਗੋ ਕਈਆਂ ਦੇ ਰੁੜ੍ਹੇ ਨੇ।"

ਮਸੀਹ ਨੀਵੀਂ ਪਾ ਲੈਂਦਾ, "ਅੱਛਾ! ਕਈਆਂ ਦੇ ਰੁੜ੍ਹੇ ਨੇ?"

ਜਦੋਂ ਰਾਹਤ ਵਾਲੇ ਤੁਰ ਜਾਂਦੇ ਤਾਂ ਉਹ ਉਹਨਾਂ ਦੀਆਂ ਗੱਲਾਂ ਸੋਚਦਾ ਰਹਿੰਦਾ। ਕਈ ਅਧਿਆਪਕ ਅਤੇ ਪੜ੍ਹੇ ਲਿਖੇ ਮੁੰਡੇ ਤੇ ਕੁੜੀਆਂ ਰਾਹਤ ਵੰਡਣ ਆਉਂਦੇ ਤਾਂ ਉਹਨਾਂ

ਲਈ ਪਿਕਨਿਕ ਹੁੰਦੀ। ਉਹ ਦਰੱਖਤਾਂ ਨਾਲ ਪਾਣੀ ਦਾ ਨਿਸ਼ਾਨ ਮਿਣਦੇ। ਕੰਧਾਂ ਕੋਠਿਆਂ ਨਾਲ ਜਿਥੋਂ ਤਕ ਪਾਣੀ ਗਿਆ ਸੀ, ਉਸ ਨਿਸ਼ਾਨ ਨੂੰ ਉੱਛਲ ਉੱਛਲ ਕੇ ਹੱਥ ਲਾਉਣ ਦੀ ਕੋਸ਼ਿਸ਼ ਕਰਦੇ। ਪਿੰਡ ਦੇ ਬਾਹਰ ਇਕ ਪਾਸੇ ਡੰਗਰਾਂ ਦੇ ਪਿੰਜਰਾਂ ਦੇ ਢੇਰ ਲੱਗੇ ਹੋਏ ਦਿਸਦੇ ਤਾਂ ਉਹ ਨੱਕ ਤੇ ਰੁਮਾਲ ਰੱਖ ਲੈਂਦੇ ਅਤੇ ਦੂਰੋਂ ਹੀ ਫੋਟੋਆਂ ਖਿਚਦੇ।

ਮਸੀਹ ਨੇ ਧੂੜ ਉੱਡਦੀ ਦੇਖੀ ਤਾਂ ਉਸ ਨੂੰ ਆਪਣੀਆਂ ਧੀਆਂ ਯਾਦ ਆਂ ਗਈਆਂ। ਉਹ ਛੇਤੀ ਹੀ ਮਿਲਣ ਆ ਜਾਇਆ ਕਰਦੀਆਂ ਸਨ। ਦੋਵੇਂ ਉਸ ਨੇ ਵਿਆਹ ਦਿੱਤੀਆਂ ਸਨ। ਉਸ ਕੋਲ ਜਿੰਨੀ ਕੁ ਥੋੜੀ ਬਹੁਤੀ ਜ਼ਮੀਨ ਸੀ, ਠੇਕੇ 'ਤੇ ਦੇ ਕੇ ਗੁਜਾਰਾ ਕਰੀ ਜਾ ਰਿਹਾ ਸੀ। ਧੀਆਂ ਆਉਂਦੀਆਂ ਤਾਂ ਦੁੱਖ ਸੁੱਖ ਕਰਕੇ ਮੁੜ ਜਾਂਦੀਆਂ। ਉਹ ਵੀ ਕਈ ਕਈ ਦਿਨ ਉਹਨਾਂ ਕੋਲ ਰਹਿ ਆਉਂਦਾ। ਕੱਲੀ ਬੱਕਰੀ ਤਾਂ ਸੀ ਉਸ ਕੋਲ। ਉਸ ਨੂੰ ਵੀ ਨਾਲ ਹੀ ਲੈ ਜਾਂਦਾ ਤੇ ਨਾਲੇ ਲੈ ਆਉਂਦਾ। ਜੀ ਕਰਦਾ ਦੋ ਰੋਟੀਆਂ ਪਕਾ ਲੈਂਦਾ, ਜੀ ਕਰਦਾ ਦੁੱਧ ਪੀ ਕੇ ਹੀ ਹੁੱਕਾ ਫੜ ਕੇ ਬੈਠ ਜਾਂਦਾ। ਉਸ ਦੀ ਘਰ ਵਾਲੀ ਛੋਟੇ ਛੋਟੇ ਨਿਆਣਿਆਂ ਨੂੰ ਛੱਡ ਕੇ, ਬਿਮਾਰੀ ਨਾਲ ਪਹਿਲਾਂ ਹੀ ਮਰ ਗਈ ਸੀ।

ਘਰ ਤਾਂ ਉਹ ਟਿਕ ਕੇ ਬੈਠਿਆ ਹੀ ਨਹੀਂ ਸੀ। ਉਸ ਦਾ ਦਿਲ ਨਹੀਂ ਸੀ ਲੱਗਦਾ। ਉਹ ਹੁੱਕਾ ਚੁੱਕ ਕੇ ਧੁੱਸੀ ਉੱਤੇ ਜਾ ਬੈਠਦਾ। ਦੂਰ ਤੱਕ ਲਹਿ ਲਹਾਉਂਦੇ ਉਸੇ ਤਰ੍ਹਾਂ ਦੇ ਖੇਤਾਂ 'ਚ ਫਸਲਾਂ। ਪਿੰਡ ਦੇ ਕੱਚੇ ਪੱਕੇ ਪਹਿਲਾਂ ਵਰਗੇ ਹੀ ਮਕਾਨ। ਸਮੇਂ ਨਾਲ ਸਭ ਸੰਭਲ ਗਏ ਸਨ। ਮਸੀਹ ਨੂੰ ਪਹਿਲੇ ਹੜ੍ਹ ਵੀ ਯਾਦ ਆ ਰਹੇ ਸਨ ਜਦੋਂ ਉਹ ਜੁਆਨ ਹੁੰਦਾ ਸੀ। ਉਸ ਵੇਲੇ ਬਾਰਿਸ਼ ਕਰਕੇ ਹੀ ਰਾਵੀ ਚੜ੍ਹੀ ਸੀ। ਕਈ ਗੱਭਰੂ ਧੁੱਸੀ ਤੋਂ ਰਾਵੀ ਵਿਚ ਰੁੜ੍ਹ ਗਏ ਸਨ। ਡੰਗਰਾਂ ਦਾ ਤਾਂ ਪਤਾ ਨਹੀਂ ਸੀ ਲੱਗਿਆ। ਦਿਨ ਰਾਤ ਇਕ ਕਰਕੇ ਲੋਕਾਂ ਨੇ ਖੇਤਾਂ 'ਚ ਇਕੱਠੀ ਹੋਈ ਰੇਤ ਪੱਧਰੀ ਕਰ ਲਈ ਸੀ। ਕਦੇ ਖੇਤਾਂ ਵਿਚ ਕਰਫਿਊ ਨਹੀਂ ਸੀ ਲੱਗਿਆ।

ਚਿਲਮ 'ਚ ਗੋਹੇ ਦੀ ਸੁਆਹ ਹੋਣ ਤੱਕ, ਉਹ ਸੂਟਾ ਖਿੱਚ ਕੇ ਪਾਣੀ ਦੀ ਗੁੜ-ਗੁੜ ਕਰਦਾ ਰਿਹਾ। ਤੰਬਾਕੂ ਦਾ ਸੁਆਦ ਨਹੀਂ ਸੀ ਰਿਹਾ। ਉਸ ਨੂੰ ਯਾਦ ਹੀ ਨਾ ਰਿਹਾ ਕਿ ਕਦੋਂ ਅੰਗਿਆਰਾਂ ਦੀ ਸੁਆਹ ਹੋ ਗਈ।

"ਬਜ਼ੁਰਗੋ ! ਛੇਤੀ ਘਰਾਂ 'ਚ ਚਲੇ ਜਾਇਆ ਕਰੋ......ਦਿਨ ਦੇ ਛਪਾ ਨਾਲ ਈ।" ਫੌਜ ਦੀ ਗਸ਼ਤੀ ਟੁਕੜੀ ਨੇ ਉਸਦੇ ਕੋਲੋਂ ਲੰਘਦਿਆਂ ਕਿਹਾ।

ਮਸੀਹ ਨੇ ਉਨ੍ਹਾਂ ਵੱਲ ਝਾਕਿਆ। ਹੁੱਕੇ ਦੀ ਨਲਕੀ ਨੂੰ ਪਰ੍ਹੇ ਧੱਕ ਦਿੱਤਾ।

"ਨਾਲੇ ਪਹਿਚਾਣ-ਪੱਤਰ ਕੋਲ ਰੱਖਿਆ ਕਰੋ ਹਰ ਵੇਲੇ। ਕਿਤੇ ਘੁਸਪੈਠੀਏ ਸਮਝਕੇ ਈ ਨਾ......?" ਇਕ ਹੋਰ ਫੌਜੀ ਨੇ ਰਾਵੀ ਵਲੋਂ ਪੱਠੇ ਲਈ ਆਉਂਦੇ ਪਿੰਡ ਦੇ ਇਕ ਬੰਦੇ ਨੂੰ ਕਿਹਾ।

ਫੌਜੀ ਟੁਕੜੀ ਚਲੀ ਗਈ ਉਹ ਬੰਦਾ ਖਾਲੀ ਹੋਏ ਦਾਰੂ ਦੇ ਬਲੈਡਰ ਨੂੰ ਪੱਠਿਆਂ ਦੀ ਭਰੀ 'ਚ ਸਾਂਭਦਾ ਹੋਇਆ ਮਸੀਹ ਕੋਲ ਆ ਕੇ ਰੁਕ ਗਿਆ, "ਚਾਚਾ ਕਿਆ ਬਣੀ ਜਾਂਦੇ, ਕਿਉਂ ਨ੍ਹੀਂ ਜੀਣ ਦਿੰਦੇ ?"



ਮਸੀਹ ਦੀਆਂ ਅੱਖਾਂ ਭਰ ਆਈਆਂ। ਉਹ ਕੁਝ ਵੀ ਨਾ ਬੋਲ ਸਕਿਆ।

ਉਸ ਨੇ ਦੂਰ ਤੱਕ ਰਾਵੀ ਦੇ ਚਮਕਦੇ ਪਾਣੀ ਵੱਲ ਦੇਖਿਆ। ਰਾਵੀ ਦੀਆਂ ਛੱਲਾਂ ਉੱਚੀਆਂ ਨੀਵੀਆਂ ਹੁੰਦੀਆਂ ਦਿਸੀਆਂ। ਪਰਲੇ ਪਾਰ ਵੀ ਉਹੋ ਜਿਹੀਆਂ ਹੀ ਫਸਲਾਂ। ਖੇਤਾਂ 'ਚ ਕੰਮ ਕਰਦੇ ਕਾਮੇ, ਡੰਗਰ, ਟਰੈਕਟਰ, ਬੰਬੀਆਂ ਦਾ ਚਮਕਦਾ ਪਾਣੀ। ਘਾਹ ਚੁਗ ਕੇ ਮੁੜੇ ਜਾਂਦੇ ਡੰਗਰ-ਪਸ਼ੂ ਅਤੇ ਉਨ੍ਹਾਂ ਦੇ ਮਗਰ ਪਾਲੀ। ਕੱਟੀਆਂ ਵੱਛੀਆਂ ਨੱਠ ਨੱਠ ਕੇ ਰਲਦੀਆਂ, ਧੂੜ ਉਡਾਉਂਦੀਆਂ, ਪੰਛੀਆਂ ਦੀ ਚਹਿਚਹਾਟ।

ਉਸ ਦਾ ਜੀਅ ਕੀਤਾ ਉਹ ਹਮੇਸ਼ਾਂ ਲਈ ਰਾਵੀ ਦੇ ਆਰ-ਪਾਰ ਇਹੋ ਜਿਹੀ ਧੜਕਦੀ ਜ਼ਿੰਦਗੀ ਨੂੰ ਵੇਖਦਾ ਰਵ੍ਹੇ।

ਡੀ-54, ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ, ਅੰਮ੍ਰਿਤਸਰ

—o—

## ਗ਼ਜ਼ਲ/ਡਾ. ਐਸ. ਤਰਸੇਮ

ਕੁਝ ਤਾਂ ਇਕਰਾਰ ਕਰੋ, ਕੁਝ ਤਾਂ ਵਿਸ਼ਵਾਸ ਦਿਓ
ਜ਼ਖ਼ਮੀ ਗੁਲਦੌਦੀ ਨੂੰ ਮਹਿਕਣ ਦੀ ਆਸ ਦਿਓ

ਜਦ ਤੀਕ ਨਗਰ ਉੱਤੇ ਹੈ ਰਾਜ ਹਨ੍ਹੇਰੇ ਦਾ
ਤਦ ਤੀਕ ਚਿਰਾਗਾਂ ਨੂੰ ਕੁਝ ਹੋਰ ਸਵਾਸ ਦਿਓ

ਹਿੰਸਾ ਦੇ ਅਰਥਾਂ ਦਾ ਲੱਗੇਗਾ ਫੇਰ ਪਤਾ
ਗਿਰਝਾਂ ਦੀ ਮਾਂ ਨੂੰ ਵੀ ਗਿਰਝਾਂ ਦਾ ਮਾਸ ਦਿਓ

ਨਿੱਤ ਅੱਗ ਦੇ ਵਸਤਰ ਹੀ ਕਿਉਂ ਪਾਉਂਦਾ ਹੈ ਸੂਰਜ ?
ਚਾਨਣ ਦੇ ਸੋਮੇ ਨੂੰ ਇਕ ਹੋਰ ਲਿਬਾਸ ਦਿਓ

ਲੱਖਾਂ ਹੀ ਘਰ ਫੂਕੇ ਨੇ ਜਿਸ ਅਗਨੀ ਨੇ
ਸਾਰੇ ਉਸ ਅਗਨੀ ਨੂੰ ਰਲ ਮਿਲ ਬਨਵਾਸ ਦਿਓ

ਜੇ ਮਰਹਮ ਕੋਲ ਨਹੀਂ ਜਾਂ ਦਾਰੂ ਹੋਰ ਨਹੀਂ
ਚੱਲ ਰੋਗੀ ਦੇ ਮੱਥੇ ਲਾ ਰੈਡ ਕਰਾਸ ਦਿਓ

ਤਪਦੇ ਹੋਏ ਥਲ ਵਰਗੀ ਇਸ ਜਿੰਦ ਨਿਮਾਣੀ ਲਈ
ਵਗਦੇ ਦਰਿਆ ਵਰਗਾ ਅਹਿਸਾਸ ਦਿਓ

(821, ਗੁਰੂ ਨਾਨਕ ਕਾਲੋਨੀ, ਮਲੇਰਕੋਟਲਾ)

## ਗ਼ਜ਼ਲ/ਕੇਸਰ ਸਿੰਘ 'ਨੀਰ'

ਮੇਰੇ ਨੈਣਾਂ 'ਚ ਹਨ ਅਣਵਗੇ ਅੱਥਰੂ
ਪੀੜ ਇਹਨਾਂ ਦੀ ਮੈਨੂੰ ਸਤਾਉਂਦੀ ਰਹੀ ।
ਮੈਂ ਤਾਂ ਇਹਨਾਂ ਨੂੰ ਵਗਣੋਂ ਰਿਹਾ ਰੋਕਦਾ
ਅੱਗ ਇਹਨਾਂ ਦੀ ਦਿਲ ਨੂੰ ਜਲਾਉਂਦੀ ਰਹੀ ।

ਪੀੜ ਪੀਂਦਾ ਰਹੇ, ਕੋਈ ਕਿੰਨਾ ਕੁ ਚਿਰ ?
ਜ਼ਖ਼ਮ ਸੀਂਦਾ ਰਹੇ, ਕੋਈ ਕਿੰਨਾ ਕੁ ਚਿਰ ?
ਪੀੜ ਮੇਰੀ ਦੀ ਹੀ ਇਹ ਕਰਾਮਾਤ ਹੈ
ਮੈਂ ਤਾਂ ਲਿਖਦਾ ਰਿਹਾ, ਉਹ ਲਿਖਾਉਂਦੀ ਰਹੀ ।

ਮੇਰੀ ਧਰਤੀ ਲਹੂ ਨਾਲ ਰੰਗੀ ਗਈ
ਆਸ ਲੋਕਾਂ ਦੀ ਸੂਲੀ 'ਤੇ ਟੰਗੀ ਗਈ;
ਮੇਰਾ ਕੀ ਦੋਸ਼ ਹੈ ? ਮੇਰੇ ਗੀਤਾਂ 'ਚ ਜੇ
ਇਸ ਲਹੂ ਦੀ ਰੰਗਤ ਹੈ ਆਉਂਦੀ ਰਹੀ ।

ਹੰਝੂ ਮਾਵਾਂ ਨੇ ਮਜਬੂਰ ਹੋ ਪੀ ਲਏ
ਹੋਠ ਭੈਣਾਂ ਨੇ ਮਜਬੂਰ ਹੋ ਸੀ ਲਏ;
ਬੁੱਢੇ ਬਾਪੂ ਗ਼ਮਾਂ ਨਾਲ ਹੀ ਝੁਕ ਗਏ
ਐਸੇ ਕਾਰੇ ਇਹ ਨੀਤੀ ਕਰਾਉਂਦੀ ਰਹੀ ।

ਕੌਣ ਦੋਸ਼ੀ ਹੈ ? ਤੇ ਕੌਣ ਨਿਰਦੋਸ਼ ਹੈ ?
ਭੇਤ ਲੱਭੋ, ਜ਼ਰਾ ਜਿੰਨੀ ਜੇ ਹੋਸ਼ ਹੈ ?
ਸੁੱਤੇ ਲੋਕਾਂ ਦਾ ਤਾਂ ਠੀਕ ਏਸੇ ਤਰ੍ਹਾਂ
ਹੋਣੀ ਦੁਨੀਆਂ 'ਚੋਂ ਨਾਂ ਹੈ ਮਿਟਾਉਂਦੀ ਰਹੀ ।

ਹਰ ਪਾਸੇ ਨਿਰਾਸ਼ਾ ਦਾ ਹੁਣ ਰਾਜ ਹੈ
ਏਸ ਮਹਿਫਲ ਦਾ ਹਰ ਬੇਸੁਰਾ ਸਾਜ਼ ਹੈ;
ਵੇਖ ! ਇਸ ਘੋਰ ਕਾਲੇ ਹਨ੍ਹੇਰੇ 'ਚ ਵੀ
ਕਿਰਨ ਆਸ਼ਾ ਦੀ ਇਕ ਜਗਮਗਾਉਂਦੀ ਰਹੀ ।

ਅੱਗ ਭੜਕੀ ਹੈ, ਫਿਰ ਵੀ ਇਹ ਖ਼ਾਮੋਸ਼ ਨੇ
ਕਿੰਨੇ ਨੇਤਾ ਅਸਾਡੇ ਇਹ ਬਾਹੋਸ਼ ਨੇ;
ਇਹ ਤਾਂ ਪੁਤਲੀ ਦੇ ਵਾਂਗਰ ਹੀ ਨੱਚਦੇ ਰਹੇ
ਤਾਰ ਜੀਕਰ ਇਨ੍ਹਾਂ ਨੂੰ ਨਚਾਉਂਦੀ ਰਹੀ ।

(ਆਤਮ ਨਗਰ, ਜਗਰਾਉਂ)



ਇਕ ਜਾਣ-ਪਛਾਣ
ਇਕ ਪ੍ਰੇਰਣਾ-ਸ੍ਰੋਤ

## ਡਾਕਟਰ ਮੁਸਤਫ਼ਾ ਕਰੀਮ ਅਤੇ ਗਰਮ ਦਿਨ

ਡਾ: ਰਘੁਬੀਰ ਢੰਡ

ਡਾਕਟਰ ਮੁਸਤਫ਼ਾ ਕਰੀਮ ਨਾਲ ਮੇਰੀ ਮੁਲਾਕਾਤ ਸ਼ੇਰਜੰਗ ਜਾਂਗਲੀ ਦੀ ਮਿਹਰਬਾਨੀ ਨਾਲ ਹੋਈ । ਮੰਤਵ ਇਹ ਸੀ ਕਿ ਉਹ ਹਬੀਬ ਜਾਲਿਬ ਬਾਰੇ ਅਧਿਐਨ ਲਿਖਣ ਲਈ ਮੇਰੀ ਸਹਾਇਤਾ ਕਰਨਗੇ । ਉਨ੍ਹਾਂ ਨੇ ਕੀਤੀ ਵੀ । ਉਹ 'ਰਾਣੀ' ਅਖ਼ਬਾਰ ਦੇ ਐਡੀਟਰ ਨਾਲ ਮੈਨੂੰ ਮਿਲਣ ਆਏ । ਬਾਹਰ ਕਾਫ਼ੀ ਠੰਢ ਸੀ ਤੇ ਬੂੰਦਾ ਬਾਂਦੀ ਹੋ ਰਹੀ ਸੀ । ਖ਼ਲੂਸ-ਭਰੀਆਂ ਗੱਲਾਂ ਹੋਈਆਂ—ਪਾਕਿਸਤਾਨੀ ਤਰੱਕੀ ਪਸੰਦ ਅਦਬ ਬਾਰੇ, ਫ਼ੈਜ਼, ਸਿੱਬਤੇ ਹਸਨ ਤੇ ਸਭ ਤੋਂ ਵੱਧ ਹਬੀਬ ਜਾਲਿਬ ਬਾਰੇ, ਜਿਨ੍ਹਾਂ ਵਰ੍ਹਿਆਂ-ਬੱਧੀ ਦਮਨ ਚੱਕਰ ਵਿਚ ਵੀ ਤਰੱਕੀ-ਪਸੰਦ ਲਹਿਰ ਦਾ ਪਰਚਮ ਬੁਲੰਦ ਰੱਖਿਆ । ਉਨ੍ਹਾਂ ਬਾਰੇ ਵੀ, ਜਿਨ੍ਹਾਂ ਇਸ ਲਹਿਰ ਵਿਚ ਇਕ ਸਮੇਂ ਬੜੀ ਸਰਗਰਮੀ ਵਿਖਾਈ ਪਰ ਫਿਰ ਜਾਂ ਤਾਂ ਮਜ਼ਹਬੀ ਤੇ ਕੌਮੀ ਸ਼ਾਵਨਵਾਦ ਦੇ ਸ਼ਿਕਾਰ ਹੋ ਗਏ ਜਾਂ ਸਮੇਂ ਦੇ ਹਾਕਮਾਂ ਨਾਲ ਸਮਝੌਤਾ ਕਰ ਬੈਠੇ ।

ਕੁੱਝ ਸਮੇਂ ਪਿਛੋਂ ਉਨ੍ਹਾਂ ਮੈਨੂੰ ਆਪਣੀ ਨਵੀਂ ਛਪੀ ਨਾਵਲਿਟ 'ਗਰਮ ਦਿਨ' ਭੇਜੀ । ਫਿਰ ਉਹ ਆਪ ਆਏ—ਉਦੋਂ ਤੀਕ ਮੈਂ ਨਾਵਲਿਟ ਪੜ੍ਹ ਚੁਕਿਆ ਸਾਂ । ਉਸ ਦਿਨ ਬੜੀ ਠੰਢ ਸੀ ਤੇ ਬਰਫ਼ ਖੁਰ ਜਾਣ ਦੇ ਕੋਈ ਆਸਾਰ ਨਜ਼ਰ ਨਹੀਂ ਸਨ ਆਉਂਦੇ । ਪਰ ਅੰਦਰ ਨਿੱਘ ਸੀ—ਵਿਚਾਰਾਂ ਦੀ ਸਾਂਝ ਦਾ ਨਿੱਘ, ਮਾਰਕਸਵਾਦ ਵਿਚ ਅਟੱਲ ਵਿਸ਼ਵਾਸ ਦਾ ਨਿੱਘ, ਮਜ਼ਹਬੀ ਜਨੂੰਨ ਵਿਰੁੱਧ ਅਤਿ ਨਫ਼ਰਤ ਦਾ ਨਿੱਘ, ਸਮੁੱਚੀ ਮਨੁੱਖ ਜਾਤੀ ਨਾਲ ਇਸ਼ਕ ਦਾ ਨਿੱਘ, ਤੇ ਇਸ ਮਾਣ ਦਾ ਨਿੱਘ ਕਿ ਅਸੀਂ ਦਲਬਦਲੀਆਂ ਦੀ ਬਾਜ਼ੀਗਰੀ ਕਰਕੇ ਆਪਣੇ ਆਪ ਨੂੰ ਕਦੀ 'ਸੇਲ' ਤੇ ਨਹੀਂ ਲਾਵਾਂਗੇ । ਕੁੱਝ ਘੰਟਿਆਂ ਵਿਚ ਹੀ ਰਸਮੀ ਦੀਵਾਰਾਂ ਢਹਿ-ਢੇਰੀ ਹੋ ਗਈਆਂ ਤੇ ਅਸੀਂ 'ਕਰੀਮ ਭਾਈ' ਤੇ 'ਰਘੁਬੀਰ ਭਾਈ' ਤੇ ਉਤਰ ਆਏ ।

ਮਨੁੱਖ ਦੇ ਤੌਰ ਤੇ, ਉਨ੍ਹਾਂ ਦੇ ਜਿਹੜੇ ਗੁਣਾਂ ਨੇ ਮੈਨੂੰ ਸਭ ਤੋਂ ਵੱਧ ਪ੍ਰਭਾਵਤ ਕੀਤਾ ਕੀਤਾ, ਉਹ ਸਨ ਉਨ੍ਹਾਂ ਦਾ ਇੰਜ ਵਿਵਹਾਰ ਕਰਨਾ ਜਿਵੇਂ ਮੇਰਾ ਘਰ ਉਸਦੇ ਛੋਟੇ ਭਰਾ ਦਾ ਹੋਵੇ—ਉਹ ਸਿੰਕ ਵਿਚ ਪਲੇਟਾਂ ਧੋਣ ਲੱਗ ਪਏ । ਦੂਜਾ ਗੁਣ : ਉਨ੍ਹਾਂ ਦੀ ਨਿਮਰਤਾ ਤੇ ਸਵੈ-ਪ੍ਰਦਰਸ਼ਣੀ ਲਈ ਇਸ਼ਾਰੇ-ਮਾਤਰ ਵੀ ਕੁਝ ਨਾ ਆਖਣਾ—ਹਾਲਾਂਕਿ ਉਹ ਐਡਿਨਬਰਾ ਯੂਨੀਵਰਸਿਟੀ ਦੇ ਐਫ. ਆਰ. ਸੀ. ਐਸ. ਹਨ ਤੇ ਹੁਣ ਹਸਪਤਾਲ ਵਿਚ ਕਨਸਲਟੈਂਟ ਹਨ ।

ਫਿਰ 'ਗਰਮ ਦਿਨ' ਬਾਰੇ ਵਿਚਾਰ-ਵਟਾਂਦਰਾ ਹੋਇਆ ।

ਇਸ 100 ਸਫ਼ਿਆਂ ਦੀ ਨਾਵਲਿਟ ਨੂੰ ਪੜ੍ਹ ਸਾਨੂੰ ਅਮਰੀਕਨ ਸਾਮਰਾਜ ਦੇ ਪਿਆਦਿਆਂ ਦੀ ਸੋਚ, ਪਾਕਿਸਤਾਨੀ ਸਿਆਸਤ ਵਿਚ ਹਕੂਮਤ ਅਤੇ ਨੌਕਰਸ਼ਾਹੀ ਦੀ ਧਾਂਦਲੀ, ਸਰਮਾਏਦਾਰੀ-ਜਗੀਰਦਾਰੀ ਦੀਆਂ ਕਰਤੂਤਾਂ, ਅਤੇ ਇਸ ਸਾਰੇ ਤਾਣੇ-ਬਾਣੇ ਵਿਚ ਆਮ ਆਦਮੀ ਦੀ ਲਿਤਾੜੀ ਜਾਂਦੀ ਹੋਂਦ ਦਾ ਸਪਸ਼ਟ ਗਿਆਨ ਹੋ ਜਾਂਦਾ ਹੈ । ਇਹ ਇਸ ਨਾਵਲਿਟ ਦੀ, ਮੇਰੀ ਜਾਚੇ, ਵੱਡੀ ਖ਼ੂਬੀ ਹੈ । ਮਾਰਕਸ ਤੇ ਏਂਗਲਜ਼ ਨੇ ਬਾਲਜ਼ਾਕ ਨੂੰ

ਇਕ ਸ਼ਰਧਾਂਜਲੀ ਇਹ ਵੀ ਭੇਂਟ ਕੀਤੀ ਸੀ ਕਿ ਫਰਾਂਸ ਦੇ ਇਤਿਹਾਸ (1815-1848) ਦਾ ਜਿੰਨਾ ਗਿਆਨ ਬਾਲਜ਼ਾਕ ਦੇ ਨਾਵਲ ਪੜ੍ਹਕੇ ਹੁੰਦਾ ਹੈ ਉਨਾ ਨਿਰੋਲ ਇਤਿਹਾਸਕ ਪੁਸਤਕਾਂ ਪੜ੍ਹਕੇ ਨਹੀਂ ਹੁੰਦਾ। ਕਲਾ ਲਈ ਝੂਠ ਬੋਲਣਾ, ਬਹੁਤ ਔਖਾ ਹੈ। ਜੇ ਕੋਈ ਕਲਾਕਾਰ ਬੋਲਣ ਦੀ ਕੋਸ਼ਿਸ਼ ਕਰੇਗਾ ਤਾਂ ਵੀ ਯਥਾਰਥਕ ਹਾਲਾਤ ਉਸ ਝੂਠ ਉਤੇ ਭਾਰੂ ਹੋ ਜਾਣਗੇ।

ਆਮ ਆਦਮੀ ਨੂੰ ਥਾਏਂ ਰੱਖਣ ਲਈ ਗੋਲੀਆਂ, ਲਾਠੀਆਂ ਅਤੇ ਕੋੜਿਆਂ ਦੀ ਨੰਗੀ ਵਰਤੋਂ ਦੇ ਨਾਲ ਨਾਲ ਮਜ਼ਹਬੀ ਅਫ਼ੀਮ ਵੀ ਖੁਆਈ ਜਾਂਦੀ ਹੈ, ਕੌਮੀ ਮੁਫ਼ਾਦ ਦਾ ਨਾਅਰਾ ਵੀ ਬੁਲੰਦ ਕੀਤਾ ਜਾਂਦਾ ਹੈ ਤੇ ਲੋੜ ਅਨੁਸਾਰ ਸੋਸ਼ਲਿਜ਼ਮ ਨੂੰ ਵੀ ਵਡਿਆਇਆ ਜਾਂਦਾ ਹੈ ਪਰ ਨਾਲ ਇਹ ਵੀ ਜੋੜ ਦਿੱਤਾ ਜਾਂਦਾ ਹੈ : "...ਸੋਸ਼ਲਿਜ਼ਮ ? ...ਸੋਸ਼ਲਿਜ਼ਮ ਜ਼ਰੂਰ, ਹਾਂ ਪਰ ਮਾਰਕਸਿਸਟ ਨਹੀਂ। ਮਾਰਕਸ ਤੇ ਲੈਨਿਨ ਨੇ ਤਾਂ ਸੋਸ਼ਲਿਜ਼ਮ ਦਾ ਬੇੜਾ ਗ਼ਰਕ ਕਰ ਦਿੱਤਾ ਹੈ।" (ਡੀ. ਕੇ. ਚੌਧਰੀ—ਗਰਮ ਦਿਨ)...ਪਰ ਲੇਖਕ ਨੇ ਆਪਣੀ ਨਾਵਲਿਟ ਵਿਚ ਆਮ ਆਦਮੀ ਨੂੰ ਈਮਾਨਦਾਰ, ਵਫ਼ਾਦਾਰ ਤੇ ਆਪਣੇ ਹੱਕਾਂ ਲਈ ਖਲੋਣ ਵਾਲਾ ਵਿਖਾਇਆ ਹੈ। ਟਾਇਰ ਫੈਕਟਰੀ ਵਿਚ ਮਜ਼ਦੂਰਾਂ ਦੀ ਹੜਤਾਲ, ਉਨ੍ਹਾਂ ਦੀ ਏਕਤਾ, ਉਨ੍ਹਾਂ ਦੇ ਲੀਡਰ ਸਾਜਿਦ (ਜਿਸਨੇ ਹੁਣ ਆਪਣੇ ਬਾਰੇ ਸੋਚਣਾ ਛੱਡ ਦਿੱਤਾ ਹੈ) ਤੇ ਸਾਥੀਆਂ ਦਾ ਫੈਕਟਰੀ ਮਾਲਕ ਰਾਜ਼ੀ ਨਾਲ ਦਲੇਰਾਨਾ ਆਹਮਣਾ-ਸਾਹਮਣਾ ਇਸ ਤੱਥ ਦਾ ਸਬੂਤ ਹੈ ਕਿ ਮਜ਼ਦੂਰ ਜਮਾਤ ਹੀ ਸਰਮਾਏਦਾਰੀ ਲਈ ਕਬਰਪੁੱਟ ਸਿੱਧ ਹੋਵੇਗੀ।

ਕੋਈ ਸਸਤਾ ਰੁਮਾਂਸ ਨਹੀਂ। ਜਿਥੇ ਵੀ ਔਰਤ-ਜਾਤੀ ਦਾ ਜ਼ਿਕਰ ਹੋਇਆ ਹੈ, ਖ਼ਲੂਸ ਤੇ ਇੱਜ਼ਤ ਨਾਲ ਹੋਇਆ ਹੈ। ਡੀ. ਕੇ. ਚੌਧਰੀ (ਮਿਹਨਤ ਤੇ ਸਨਅਤ ਮਹਿਕਮੇ ਦਾ ਨੰਬਰ ਇਕ ਅਫ਼ਸਰ) ਦੀ ਖੋਈ ਹੋਈ ਮੁਹੱਬਤ ਬਾਰੇ ਲੇਖਕ ਕਹਿੰਦਾ ਹੈ : "ਉਹ ਇਕ ਸਿੱਧੀ-ਸਾਦੀ ਕੁੜੀ ਸੀ। ਉਸਨੇ ਕਦੀ ਕੁਝ ਨਹੀਂ ਸੀ ਮੰਗਿਆ। ਕੋਈ ਅਸਾਧਾਰਣ ਫਰਮਾਇਸ਼ ਨਹੀਂ ਸੀ ਕੀਤੀ। ਜੇ ਉਹ ਉਨ੍ਹਾਂ ਦੀ ਜ਼ਿੰਦਗੀ ਦਾ ਹਿੱਸਾ ਬਣ ਜਾਂਦੀ ਤਾਂ ਇਸ ਨੂੰ ਸਾਰੀਆਂ ਖ਼ਾਹਿਸ਼ਾਂ ਦੀ ਪੂਰਨਤਾ ਸਮਝਦੀ ਤੇ ਆਪਣੀ ਖੁਸ਼ੀ ਦਾ ਸਿਖਰ...।"

ਸਾਦੀ, ਦਿਲਚਸਪ ਤੇ ਜਾਨਦਾਰ ਸ਼ੈਲੀ ਵਿਚ ਲਿਖੀ ਇਸ ਨਾਵਲਿਟ ਵਿਚ ਨਾ ਤਾਂ ਲੰਮੇ ਚੌੜੇ ਬਿਆਨ ਹਨ ਤੇ ਨਾ ਹੀ ਜਜ਼ਬਾਤੀ ਨਾਅਰੇਬਾਜ਼ੀ। ਕੁਦਰਤੀ ਛੋਹਾਂ ਬੜੀਆਂ ਸੰਖੇਪ ਹੋਣ ਦੇ ਬਾਵਜੂਦ ਪਾਤਰ ਤੇ ਵਾਤਾਵਰਣ ਦੀ ਅੰਦਰੂਨੀ ਹਾਲਤ ਨੂੰ ਉਜਾਗਰ ਕਰ ਦਿੰਦੀਆਂ ਹਨ। ਤਰਾਇਨ ਵਿਚ ਜਗੀਰਦਾਰ ਦੇ ਜ਼ੁਲਮ ਵੇਖ, ਨਾਵਲ ਦੇ ਹੀਰੋ ਸਾਜਿਦ ਨੂੰ ਨੀਂਦ ਨਹੀਂ ਆ ਰਹੀ ਤੇ ਲੇਖਕ ਉਸਦੀ ਮਨੋਦਸ਼ਾ ਇਨ੍ਹਾਂ ਛੋਹਾਂ ਨਾਲ ਸਾਕਾਰ ਕਰਦਾ ਹੈ : "ਹਵਾ ਬੰਦ ਸੀ। ਇਸ ਲਈ ਰਾਤ ਹੋਰ ਵੀ ਤਪਣ ਲੱਗੀ। ਦੋਹਾਂ ਹੱਥਾਂ ਨੂੰ ਗਰਦਨ ਹੇਠ ਦਬਾਈ ਸਾਜਿਦ ਸਾਹਮਣੇ ਤੱਕ ਰਿਹਾ ਸੀ। ਸਕੂਲ ਦੀ ਚਿੱਟੀ ਇਮਾਰਤ ਰਾਤ ਦੀ ਧੁੰਦ ਵਿਚ ਗਲੇਫੀ ਖਲੋਤੀ ਸੀ। ਅਕਾਸ਼ ਵਿਚ ਪੀਲੇ ਤਾਰਿਆਂ ਦਾ ਜਲੂਸ ਗੰਧਲੇ ਬੱਦਲਾਂ ਦੇ ਤੂਫ਼ਾਨ ਵਿਚ ਗੁੰਮ ਹੋ ਗਿਆ ਸੀ। ਕੁਝ ਦੇਰ ਪਹਿਲਾਂ ਕੁਝ ਛਿਣਾਂ ਲਈ ਵਰਖਾ ਹੋਈ ਸੀ। ਸਲ੍ਹਾਬੀ ਧਰਤੀ ਦੀ ਖ਼ੁਸ਼ਬੂ ਮੱਦ ਦੇ ਚਾਰੇ ਦੀ ਬਦਬੂ ਵਿਚ ਘੁਲੀ-ਮਿਲੀ ਉੱਡ ਰਹੀ ਸੀ।



ਸਾਹਮਣੇ ਅੰਬ ਦੇ ਦਰਖ਼ਤ ਤੋਂ ਕੋਈ ਪੱਤਾ ਡਿੱਗਦਾ ਤਾਂ ਰਾਤ ਦੀ ਚੁੱਪ ਕੰਬ ਜਾਂਦੀ।"

ਨਾਵਲ ਦਾ ਆਕਾਰ ਛੋਟਾ ਹੈ—ਪਰ ਪਾਤਰ ਵੱਡੇ ਹਨ ਜਿਨ੍ਹਾਂ ਦੇ ਵਿਸ਼ਾਲ ਖੇਤਰ ਹਨ, ਆਪਣੀਆਂ ਆਪਣੀਆਂ ਜਮਾਤਾਂ ਹਨ ਤੇ ਆਪਣੀ ਆਪਣੀ ਵਿਲੱਖਣ ਮਨੋਵਿਗਿਆਨਕ ਬਣਤਰ। ਨਤੀਜੇ ਵਜੋਂ, ਪਾਤਰਾਂ ਨੂੰ ਲੋੜੀਂਦੀ ਵਿਸ਼ਾਲਤਾ ਨਾ ਮਿਲਣ ਕਰਕੇ ਉਹ ਮਿਸਾਲੀ (typical) ਪਾਤਰ ਨਹੀਂ ਬਣ ਸਕੇ। ਜੋ ਕੁਝ ਅਮਲ ਦੇ ਡਾਇਲੇਕਟਿਕ ਵਿਚੋਂ ਆਪ ਉਭਰਕੇ ਸਾਹਮਣੇ ਆਉਣਾ ਚਾਹੀਦਾ ਸੀ, ਉਹ ਲੇਖਕ ਨੂੰ ਆਪ ਪਾਤਰਾਂ ਦੇ ਮੂੰਹਾਂ ਵਿਚ ਪਾਉਣਾ ਪਿਆ ਹੈ।

...ਪਰ ਪਹਿਲਾ ਨਾਵਲ ਹੋਣ ਕਰਕੇ ਘਾਟਾਂ ਤਾਂ ਹੋਣੀਆਂ ਹੀ ਹਨ। ਪਰ ਪਹਿਲੀ ਵਾਰ ਅਜਿਹੀ ਕਿਰਤ ਸਿਰਜ ਲੈਣ 'ਤੇ ਆਪ-ਮੁਹਾਰੇ ਮੂੰਹੋਂ ਨਿਕਲਦਾ ਹੈ—ਬਹੁਤ ਅੱਛੇ !

---

## ਇਬਾਦ ਨਬੀਲ ਸ਼ਾਦ (ਪਾਕਿਸਤਾਨ)

### 1. ਆਖ਼ਰੀ ਬੇਨਤੀ

ਸੂਹਾ ਜੋੜਾ ਪਾਵਣ ਵੇਲੇ
ਮੇਰੇ ਬਾਰੇ ਸੋਚੀਂ ਨਾ।

### 2. ਆਖ਼ਰੀ ਖ਼ਾਹਸ਼

ਪਹਿਲਾਂ ਮੇਰਾ ਜੁਰਮ ਤਾਂ ਦੱਸੀਂ
ਮਗਰੋਂ ਫਾਹੇ ਲਾ ਦੇਣਾ।

### 3. ਪ੍ਰਤਿਕਰਮ

ਸਿਰ ਦਾ ਸਾਈਂ
ਮਰਨ ਦਿਹਾੜੇ
ਉਸ ਕੁੜੀ ਦੇ
ਬੁੱਲ੍ਹ 'ਤੇ ਸੁਰਖ਼ੀ
ਬਾਂਹ ਵਿਚ ਚੂੜਾ
ਛਣਕ ਰਿਹਾ ਸੀ
ਲਹਿਜਾ ਉਹਦਾ
ਖਣਕ ਰਿਹਾ ਸੀ।

### 4. ਧਰਤੀ ਮਾਂ ਲਈ ਵੈਣ

ਮੇਰੀ ਧਰਤੀ
ਸੋਨਾ ਕੱਢ
ਚਾਂਦੀ ਜੰਮੇਂ
ਫਿਰ ਵੀ ਭੁੱਖੀ
ਫਿਰ ਵੀ ਨੰਗੀ।

---

## ਚੁਰੱਸਤੇ ਵਿਚ/ਬਲਬੀਰ ਪਰਵਾਨਾ

ਜਿਹੜੇ ਰਾਹ ਆਪ ਚੁਣੇ ਹੋਣ
ਉਹਨਾਂ ਦਾ ਪਛਤਾਵਾ ਨਹੀਂ ਹੁੰਦਾ

ਥਕਾਵਟ ਦੀਆਂ ਚੀਸਾਂ
ਜਾਂ ਪੈਰਾਂ ਦੀ ਜਲਣ
ਜੇਰੇ ਨਾਲ ਹੀ ਜਰੀ ਜਾਂਦੀ ਹੈ
—ਕਿ ਚੁਰਾਹੇ ਸੋਚਣ ਲਈ ਹੁੰਦੇ ਨੇ

ਇਹ ਮੂਰਖਤਾ ਹੁੰਦੀ
ਕਿ ਚੁਰਾਹੇ ਤਾਂ ਬਿਨਾਂ ਸੋਚਿਆਂ ਲੰਘ ਲਏ ਜਾਣ
ਪਰ ਰਾਹਾਂ 'ਤੇ ਦੁਚਿੱਤੀ ਬਣੀ ਰਹੇ
ਕਿ ਦਰਿਆਵਾਂ ਨੂੰ ਛੱਡ
ਪਾਣੀ ਨੂੰ ਲੋਚਣਾ
ਕਿ ਰਾਹ—

ਜਦੋਂ ਬੇਆਬਾਦ ਹੋ ਜਾਂਦੇ ਹਨ
ਨਾਲ ਹੀ ਮੁੱਕ ਜਾਂਦੇ ਹਨ ਉਹਨਾਂ 'ਤੇ ਗੂੰਜਦੇ ਗੀਤ
ਧੂੜ ਸਹਿਕ ਜਾਂਦੀ ਹੈ ਫਿਰ
ਪੈਰਾਂ ਦੀ ਛੁਹ ਤਾਈਂ

ਇਹਨਾਂ ਸਮਿਆਂ 'ਚ
ਇਕ ਤੜਪ ਦੇ ਦੌਰ 'ਚੋਂ ਗੁਜ਼ਰ ਰਹੇ ਹਾਂ ਅਸੀਂ
ਇਸ ਨੂੰ ਬੇਬਸੀ ਬਨਣ ਦੇਣਾ ਹੈ
ਜਾਂ ਵਟਾ ਦੇਣਾ ਹੈ ਬਗਾਵਤ 'ਚ
ਇਸਦਾ ਫੈਸਲਾ ਕਰਨਾ ਪਵੇਗਾ

—ਹੁਣ ਕਿ ਜਦੋਂ ਆਣ ਖੜੇ ਹੋਏ ਹਾਂ
ਚੁਰੱਸਤੇ ਵਿਚ

(ਸਬ-ਐਡੀਟਰ, ਰੋਜ਼ਾਨਾ ਨਵਾਂ ਜ਼ਮਾਨਾ, ਜਲੰਧਰ)





## ਗੁਰਦਿਆਲ ਸਿੰਘ ਦਾ ਨਾਵਲ ਪਰਸਾ : ਯੂਟੋਪੀਏ ਦੀ ਘਾੜਤ

ਡਾ. ਸੁਖਦੇਵ ਸਿੰਘ ਖਾਹਰਾ

ਗੁਰਦਿਆਲ ਸਿੰਘ ਦਾ ਨਾਵਲ **ਪਰਸਾ** (1991) ਇਕ ਵਿਕੋਲਿਤਰੇ ਕਿਰਦਾਰ ਨੂੰ ਆਧਾਰ ਬਣਾ ਕੇ ਲਿਖਿਆ ਗਿਆ ਹੈ। ਇਹ ਕਿਰਦਾਰ ਪਰਲੇ ਦਰਜੇ ਦਾ ਕੱਬਾ, ਅੜਬ ਅਤੇ ਹਰ ਗੱਲ ਨੂੰ ਆਪਣੇ ਵਿਅਕਤੀਵਾਦੀ ਪੈਂਤੜੇ ਤੋਂ ਸੋਚਣ/ਕਰਨ ਵਾਲਾ ਹੈ। ਜਿਸ ਪ੍ਰਕਾਰ **ਅਣਹੋਏ** ਵਿਚ ਬਿਸ਼ਨੇ ਦਾ ਚਰਿੱਤਰ ਪਹਿਲੇ ਕਾਂਡ ਤੋਂ ਅਖੀਰਲੇ ਕਾਂਡ ਤੱਕ ਸਟੈਟਿਕ ਰਹਿੰਦਾ ਹੈ, ਉਸੇ ਤਰ੍ਹਾਂ ਪਰਸਾ ਦੇ ਪਾਤਰ ਦੇ ਸਰੂਪ ਦੀ ਘਾੜਤ ਕੀਤੀ ਗਈ ਹੈ। ਜਿਥੇ **ਅਣਹੋਏ** ਵਿਚ ਬਿਸ਼ਨੇ ਦੇ ਸਟੈਟਿਕ ਹੋਣ ਦਾ ਕਿਧਰੇ ਕੋਈ ਵਿਵੇਕ ਪੇਸ਼ ਨਹੀਂ ਕੀਤਾ ਗਿਆ, ਉਥੇ **ਪਰਸਾ** ਵਿਚ ਮੁੱਖ ਪਾਤਰ ਦੀ ਜੜ੍ਹਤਾ ਨੂੰ ਉਸਦੀ ਪਿਤਾ ਪੁਰਖੀ ਪਰੰਪਰਾ ਭਾਵ ਪੰਜਾਬ ਦੇ ਲੜਾਈ ਝਗੜੇ ਵਾਲੇ ਲੰਮੇ ਸਾਂਸਕ੍ਰਿਤਿਕ ਇਤਿਹਾਸ ਦੇ ਪ੍ਰਸੰਗ ਵਿਚ ਨਿਰੰਤਰਤਾ ਦੇ ਰੂਪ ਵਿਚ ਵਹਿੰਦੀ ਇਕ ਰੂੜ੍ਹੀ ਦਾ ਸੰਕੇਤਕ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਲਗਦੀ ਹੈ। ਨਾਵਲਕਾਰ ਇਸ ਰੂੜ੍ਹੀ ਨੂੰ ਪੰਜਾਬੀ ਕੌਮੀਅਤ ਦੀ ਮਾਨਸਿਕਤਾ ਦਾ ਅਵਚੇਤਨ ਬਣਾਕੇ ਪੇਸ਼ ਕਰਨ ਦੇ ਜਤਨ ਵਿਚ ਪ੍ਰਤੀਤ ਹੁੰਦਾ ਹੈ। ਪਰ **ਪਰਸਾ** ਵਿਚ ਇਹ ਗੱਲ ਠੋਸ ਇਤਿਹਾਸਕ ਪਰਿਸਥਿਤੀਆਂ ਵਿਚੋਂ ਉਪਜਿਆ ਸੁਭਾਵਿਕ ਸੱਚ ਬਣਨ ਦੀ ਬਾਵੇਂ ਇਕ ਅਜਿਹੀ ਨਿਰਪੇਖ ਮੁਦਰਾ ਧਾਰਨ ਕਰ ਲੈਂਦੀ ਹੈ, ਜਿਸ ਵਿਚ ਵਿਅਕਤੀ ਅਤੇ ਆਰਥਕ-ਸਾਂਸਕ੍ਰਿਤਿਕ ਰੂਪਾਂਤਰਣ ਦੇ ਦਵੰਦਾਤਮਕ ਰਿਸ਼ਤੇ ਦਾ ਕੋਈ ਦਖ਼ਲ ਨਹੀਂ ਰਹਿ ਜਾਂਦਾ। ਇਤਿਹਾਸ ਵਿਚ ਕੇਵਲ ਨਿਰੰਤਰਤਾ ਹੀ ਨਹੀਂ ਹੁੰਦੀ, ਤਬਦੀਲੀ ਦਾ ਸਿਲਸਿਲਾ ਵੀ ਲਗਾਤਾਰ ਚਲਦਾ ਰਹਿੰਦਾ ਹੈ, ਭਾਵੇਂ ਇਸ ਤਬਦੀਲੀ ਦੀ ਗਤੀ ਕਿੰਨੀ ਵੀ ਧੀਮੀ ਕਿਉਂ ਨਾ ਹੋਵੇ। ਇਥੋਂ ਤੱਕ ਕਿ ਨਿਰੰਤਰਤਾ ਵੀ ਤਬਦੀਲੀ ਦੇ ਮਾਧਿਅਮ ਰਾਹੀਂ ਹੀ ਸਾਕਾਰ ਬਣਦੀ ਹੈ। **ਪਰਸਾ** ਵਿਚ ਨਾਵਲਕਾਰ ਦੀ ਵਿਚਾਰਧਾਰਾ ਦਾ ਪ੍ਰਵਕਤਾ ਮੁੱਖ ਪਾਤਰ ਪੰਡਤ ਪਰਸ ਰਾਮ (ਜਿਸਨੂੰ ਉਸ ਨੇ ਗਲੋਰੀਫ਼ਾਈ ਕਰਕੇ ਇਕ ਤਰ੍ਹਾਂ ਦਾ ਨਾਇਕਤਵ ਪ੍ਰਦਾਨ ਕੀਤਾ ਹੈ) ਆਪਣੇ ਆਲੇ ਦੁਆਲੇ ਦੀ ਤਬਦੀਲੀ ਤੋਂ ਅਸਲੋਂ ਹੀ ਅਭਿੱਜ ਰਹਿੰਦਾ ਹੈ—ਲੋਕਾਚਾਰ/ਸਦਾਚਾਰ ਦੇ ਸੰਸਕਾਰਾਂ ਤੋਂ ਪੂਰੀ ਤਰ੍ਹਾਂ ਬੇਪਰਵਾਹ। ਮੀਣੇ ਬਲਦ ਦੀਆਂ ਬੜ੍ਹਕਾਂ ਨਾਲ ਉਸ ਨੂੰ ਉਚੇਚੀ ਤਸੱਲੀ ਮਿਲਦੀ ਹੈ। ਉਸਨੇ ਮੱਧਕਾਲੀਨ ਅਧਿਆਤਮਕਤਾ ਅਤੇ ਵਿਅਕਤੀਵਾਦ ਦੀ ਰਲਗੱਡਤਾ ਨਾਲ ਆਪਣੀ ਹੀ ਪ੍ਰਕਾਰ ਦਾ ਇਕ ਦਰਸ਼ਨ ਘੜਿਆ ਹੋਇਆ ਹੈ, ਜਿਸਨੂੰ ਉਹ ਰਾਗੀ ਪਾਲਾ ਸਿੰਘ ਨਾਲ ਗੱਲਬਾਤ ਦੌਰਾਨ ਅਤੇ ਆਪਣੀ ਕਾਵਿਕ ਤੁਕਬੰਦੀ ਰਾਹੀਂ ਬਾਰ ਬਾਰ ਦੁਹਰਾਉਂਦਾ ਹੈ। ਇਹ ਗੱਲਬਾਤ ਅਤੇ ਕਾਵਿਮਈ ਤੁਕਾਂ ਨਾਵਲ ਨੂੰ ਦਾਰਸ਼ਨਿਕ ਪਾਸਾਰ ਪ੍ਰਦਾਨ ਕਰਦੀਆਂ ਪ੍ਰਤੀਤ ਹੁੰਦੀਆਂ ਹਨ, ਪਰ ਇਹ ਦਾਰਸ਼ਨਿਕ ਪਾਸਾਰ ਹਕੀਕਤ ਨਾਲ ਸੰਬਾਦਕ ਰਿਸ਼ਤੇ ਵਿਚ ਬੱਝਣ ਦੀ ਬਜਾਏ, ਯੂਟੋਪੀਏ ਦੀ ਉਚਿਤਤਾ ਨੂੰ ਸਿੱਧ ਕਰਨ ਵਾਲਾ ਬਣ ਜਾਂਦਾ ਹੈ। ਨਾਵਲ ਦਾ ਪ੍ਰਕ੍ਰਿਤੀਵਾਦੀ ਚਿਹਨ-

ਪ੍ਰਬੰਧ ਇਸ ਯੂਟੋਪੀਏ ਨੂੰ ਆਦਮਤਾ ਦੀ ਦਿਸ਼ਾ ਵੱਲ ਪ੍ਰਵਾਹਿਤ ਕਰ ਦੇਂਦਾ ਹੈ। ਇਸ ਦਿਸ਼ਾ ਕਾਰਣ **ਪਰਸਾ** ਵਿਚ ਇਸਤੇਮਾਲ ਹੋਏ ਲੋਕ-ਬਿਰਤਾਂਤਾਂ ਦੇ ਹਵਾਲੇ '**ਅੰਨੇ ਘੋੜੇ ਦਾ ਦਾਨ**' ਦੀ ਤਰ੍ਹਾਂ ਇਤਿਹਾਸਕ ਯਥਾਰਥ ਦੇ ਪ੍ਰਸੰਗ ਵਿਚ ਰੂਪਾਂਤਰਿਤ ਨਹੀਂ ਹੁੰਦੇ।

ਪਰਸ ਰਾਮ ਦਾ ਪੁੱਤਰ ਬਸੰਤਾ ਉਸਦੀ ਹੀ ਐਕਸਟੈਨਸ਼ਨ ਹੈ। ਬਸੰਤੇ ਦੀ ਮੌਤ ਤੋਂ ਬਾਅਦ ਇਹ ਐਕਸਟੈਨਸ਼ਨ ਇਕ ਨਵੇਂ ਬਾਲ ਪਾਤਰ ਦੇ ਪ੍ਰਵੇਸ਼ ਨਾਲ ਜੁੜ ਜਾਂਦੀ ਹੈ। ਬੜ੍ਹਕ ਮਾਰਨ ਵਾਲੇ ਮੋਣੇ ਦੀ ਥਾਂ ਇਕ ਹੋਰ ਵੱਛਾ ਲੈ ਲੈਂਦਾ ਹੈ। ਧਰਸੇ ਦੀ ਵਿਚਾਰਧਾਰਾ ਦੀ ਨਿਰੰਤਰਤਾ ਅਤੇ ਦੁਹਰਾਉ ਉੱਪਰ ਤਸੱਲੀ ਅਤੇ ਆਸ਼ਾ ਦੇ ਭਾਵਾਂ ਦੇ ਪ੍ਰਗਟਾਉ ਨਾਲ ਇਹ ਨਾਵਲ ਮੁੱਕ ਜਾਂਦਾ ਹੈ। ਅਜਿਹਾ ਕਰਕੇ ਨਾਵਲਕਾਰ ਅਚੇਤ ਹੀ ਇਤਿਹਾਸ ਦੇ ਚੱਕਰ ਸਿਧਾਂਤ (cyclic theory) ਦਾ ਅਨੁਸਰਣ ਕਰਦਾ ਹੈ, ਜੋ ਵਿਚਾਰ-ਧਾਰਾ ਦੀ ਗਤੀਸ਼ੀਲਤਾ ਨੂੰ ਤਾਂ ਪ੍ਰਵਾਨ ਕਰ ਲੈਂਦਾ ਹੈ, ਪਰ ਇਸ ਨੂੰ ਪ੍ਰਗਤੀਸ਼ੀਲਤਾ ਦੇ ਰੂਪ ਵਿਚ ਗ੍ਰਹਿਣ ਕਰਨ ਤੋਂ ਆਰੀ ਰਹਿ ਜਾਂਦਾ ਹੈ। ਨਾਵਲ ਦੀ ਦੁਨੀਆਂ ਵਿਚ ਪ੍ਰਸਤੁਤ ਹੋਇਆ ਵਿਚਾਰਧਾਰਾ ਦਾ ਉਕਤ ਸਟੈਟਿਕ ਮਾਡਲ ਕਿਧਰੇ ਸਮਕਾਲ ਵਿਚ ਅਤੰਕਵਾਦ ਵਲੋਂ ਕਿਸੇ ਹੋਰ ਦੀ ਗੱਲ ਨਾ ਸੁਣਨ ਅਤੇ ਕੇਵਲ ਤੇ ਕੇਵਲ ਆਪਣੇ ਵਿਊ ਨੂੰ ਹੀ ਇਕੋ ਇਕ ਪ੍ਰਮਾਣਿਕ ਵਿਊ ਸਮਝਣ ਦੇ ਭੁਲੇਵੇਂ ਦਾ ਸਾਹਿਤਕ ਪਰਤੌ ਤਾਂ ਨਹੀਂ ? **ਪਰਸਾ** ਦੀ ਰਚਨਾ ਨਾਲ ਗੁਰਦਿਆਲ ਸਿੰਘ ਦੀ ਇਕ ਸਮਰੱਥਵਾਨ ਯਥਾਰਥਵਾਦੀ ਨਾਵਲਕਾਰ ਵਜੋਂ ਸਥਾਪਤ ਹੋਈ ਮਿੱਥ ਨਿਸਚੇ ਹੀ ਤਿੜਕਦੀ ਹੈ।

—O—

---

ਪਾਕਿਸਤਾਨ 'ਚੋਂ 'ਮਾਂ-ਬੋਲੀ' ਮਾਸਿਕ-ਪੱਤਰ ਵੱਲੋਂ

## ਕੁਲਵੰਤ ਸਿੰਘ ਵਿਰਕ ਅੰਕ ਪ੍ਰਕਾਸ਼ਤ

ਪਾਕਿਸਤਾਨ ਵਿਚ ਲਾਹੌਰ ਤੋਂ ਛਪਦੇ ਮਾਸਕ ਪੱਤਰ 'ਮਾਂ-ਬੋਲੀ' ਨੇ ਅਕਤੂਬਰ-ਨਵੰਬਰ 92 ਦਾ ਅੰਕ ਕੁਲਵੰਤ ਸਿੰਘ ਵਿਰਕ ਵਿਸ਼ੇਸ਼ ਅੰਕ ਦੇ ਰੂਪ ਵਿਚ ਪ੍ਰਕਾਸ਼ਤ ਕੀਤਾ ਹੈ। 232 ਸਫ਼ੇ ਦੇ ਇਸ ਅੰਕ ਦਾ ਮੁੱਲ 30/-ਰੁਪਏ ਹੈ, ਇਸ ਅੰਕ ਵਿਚ ਵਿਰਕ ਦੀ ਕਹਾਣੀ ਕਲਾ, ਸ਼ਖਸੀਅਤ ਤੇ ਰਚਨਾ-ਪ੍ਰਕਿਰਿਆ ਬਾਰੇ ਲੇਖਾਂ ਤੋਂ ਬਿਨਾਂ ਵਿਰਕ ਹੁਰਾਂ ਦੀਆਂ 26 ਪ੍ਰਤੀਨਿਧ ਕਹਾਣੀਆ ਸ਼ਾਮਿਲ ਹਨ।

ਮਿਲਣ ਦਾ ਪਤਾ : ਮਕਸੂਦ ਸਾਕਿਬ

ਸੰਪਾਦਕ 'ਮਾਂ-ਬੋਲੀ'

ਫਲੈਟ ਨੰ: 2, ਅਲੀ ਆਰਕੇਡ, 14, ਮੂੰਨ ਮਾਰਕੀਟ

ਗੁਲਸ਼ਨ ਰਾਵੀ-ਲਾਹੌਰ (ਪਾਕਿਸਤਾਨ)

---



## ਨਜ਼ਮ/ਸੁਤੰਤਰ ਸ਼ੀਲ

ਪੰਜਾਬ ਸਮੱਸਿਆ ਦੇ ਸੰਦਰਭ ਵਿਚ
ਮੈਂ ਇੱਕ ਨਵੇਂ ਸ਼ਬਦ-ਕੋਸ਼
ਦੀ ਤਲਾਸ਼ ਵਿੱਚ ਹਾਂ।

ਹਾਂ ਇੱਕ ਅਜਿਹਾ ਸ਼ਬਦ-ਕੋਸ਼,
ਜਿਹੜਾ, ਨਵੇਂ ਅਰਥਾਂ ਨੂੰ
ਪੁਰਾਣਾ ਸੰਦਰਭ ਦੇਵੇ।
ਅਤੇ ਨਵੇਂ ਸੰਦਰਭਾਂ ਨੂੰ ਪੁਰਾਣਾ ਅਰਥ।

ਹਾਂ, ਇੱਕ ਅਜਿਹਾ ਸ਼ਬਦ-ਕੋਸ਼—
ਜਿਸ ਵਿੱਚ ਕਾਤਲ ਦਾ ਅਰਥ
"ਸ਼ਹੀਦ" ਹੋਵੇ।

ਡਾਕੂ ਦਾ ਭਾਵ 'ਮਰਜੀਵੜਾ'
ਲੁਟੇਰੇ ਦਾ ਅਰਥ 'ਖਾੜਕੂ'
ਅਤੇ ਬਲਾਤਕਾਰੀ ਦਾ ਭਾਵ
'ਪੰਥ ਸੇਵਕ' ਹੋਵੇ।

ਧਰਮ ਅਸਥਾਨਾਂ ਦਾ ਭਾਵ
ਕਾਤਲਾਂ, ਲੁਟੇਰਿਆਂ ਤੇ ਡਾਕੂਆਂ
ਦੀ ਪਨਾਹਗਾਹ।

ਅਤੇ ਇਸ ਸ਼ਬਦ-ਕੋਸ਼ ਦਾ
ਇੱਕ-ਇਕ ਅੱਖਰ,
ਇਸ ਗਲ ਦੀ ਗਵਾਹੀ ਦੇਵੇ—
'ਸ਼ਰਮ ਧਰਮ ਦੋਏ ਛੁਪ ਖਲੋਏ
ਕੂੜ ਫਿਰੇ ਪ੍ਰਧਾਨ ਵੇ ਲਾਲੋ !'

ਮਾਰਫਤ ਰੋਜ਼ਾਨਾ ਜੱਗ ਬਾਣੀ, ਜਲੰਧਰ

—O—

# ਹਰਭਜਨ ਸਿੰਘ ਹੁੰਦਲ ਦੀ ਕਾਵਿ-ਸੰਵੇਦਨਾ

[ ਕਰਤਾ ਡਾ. ਅਨੂਪ ਸਿੰਘ ]

ਡਾ. ਸੁਰਿੰਦਰ ਕਾਹਲੋਂ

ਹੱਥਲੀ ਵਿਚਾਰ ਅਧੀਨ ਅਲੋਚਨਾ ਪੁਸਤਕ ਡਾ. ਅਨੂਪ ਸਿੰਘ ਦੀ ਦੂਸਰੀ ਅਲੋਚਨਾ ਪੁਸਤਕ ਹੈ। ਇਸ ਤੋਂ ਪਹਿਲਾਂ ਉਹ 'ਸਮਕਾਲੀਨ ਯਥਾਰਥ ਤੇ ਪੰਜਾਬੀ ਨਾਵਲ' ਲਿਖ ਕੇ ਇਕ ਗੁਣਾਤਮਕ ਵਾਧਾ ਕਰ ਚੁੱਕਾ ਹੈ। ਇਸ ਪੁਸਤਕ ਵਿਚ ਕੁਲ ਬਾਰਾਂ ਅਧਿਆਏ ਹਨ। ਇਹਨਾਂ ਬਾਰਾਂ ਵਿਚੋਂ ਸਭ ਤੋਂ ਪਹਿਲਾ ਵਿਚਾਰ ਅਧੀਨ ਕਵੀ ਹਰਭਜਨ ਸਿੰਘ ਹੁੰਦਲ ਨਾਲ ਇਕ ਵਾਕਫੀ ਭਰਪੂਰ ਮੁਲਾਕਾਤੀ ਵਾਰਤਾਲਾਪ ਹੈ। ਜਿਸ ਵਿਚ ਕਵੀ ਆਪਣੇ ਰਚਨਾ-ਸਰੋਤਾਂ, ਰਚਨਾ-ਸਰੋਕਾਰਾਂ ਅਤੇ ਵਿਕਾਸ ਗਤੀਵਿਧੀਆਂ ਬਾਰੇ ਪੁੱਛੇ ਗਏ ਪ੍ਰਸ਼ਨਾਂ ਦੇ ਯਥਾ-ਸੰਭਵ ਉੱਤਰ ਦੇਂਦਾ ਹੈ ਜੋ ਬੜੇ ਉਚਿੱਤ ਅਤੇ ਸਥਿਤੀ-ਸੰਗਤ ਹਨ। ਇਸ ਪੁਸਤਕ ਦਾ ਅੰਤਮ ਅਲੋਚਨਾ-ਨਿਬੰਧ ਕਵੀ ਹੁੰਦਲ ਦੀਆਂ ਕਾਵਿ-ਜੁਗਤਾਂ ਅਥਵਾ ਕਵੀ ਵਲੋਂ ਆਪਣੇ ਭਾਵ-ਸੰਸਾਰ ਨੂੰ ਪ੍ਰਗਟਾਉਣ ਦੇ ਸਿਲਸਿਲੇ ਵਿਚ ਵਰਤੋਂ ਵਿਚ ਲਿਆਂਦੇ ਗਏ ਢੰਗਾਂ ਤਰੀਕਿਆਂ, ਹੁਨਰੀ ਬੁਲੰਦੀਆਂ ਨੂੰ ਪ੍ਰਾਪਤ ਕਰਨ ਹਿੱਤ ਵਰਤੀਆਂ ਗਈਆਂ ਪ੍ਰਗਟਾਉ-ਧੱਧਤੀਆਂ ਦਾ ਇਕ ਲਘੂ ਅੰਕਣ ਹੈ। ਇਸ ਪੁਸਤਕ ਵਿਚ ਬਾਕੀ ਦੇ ਦਸ ਖੰਡ ਕਵੀ ਹੁੰਦਲ ਦੀਆਂ ਸਮੇਂ ਸਮੇਂ ਆਈਆਂ ਕਾਵਿ-ਪੁਸਤਕਾਂ ਸਬੰਧੀ ਵੱਖਰੀ ਵੱਖਰੀ ਵਿਚਾਰ-ਚਰਚਾ ਕਰਕੇ ਲਿਖੇ ਗਏ ਨਿਬੰਧ ਹਨ।

ਮੁੱਖ ਰੂਪ ਵਿਚ ਅਲੋਚਕ ਨੇ ਦੋ ਨਿਬੰਧਾਂ ਪਹਿਲੇ ਅਤੇ ਆਖਰੀ ਨੂੰ ਇਕ ਪਾਸੇ ਰੱਖਦਿਆਂ ਕਹਿ ਸਕਦੇ ਹਾਂ ਕਿ ਕਵੀ ਹੁੰਦਲ ਸਬੰਧੀ ਬੜੇ ਵਿਸਥਾਰ ਨਾਲ ਵਿਚਾਰ ਕਰਨ ਦਾ ਭਰਵਾਂ ਉਪਰਾਲਾ ਕੀਤਾ ਹੈ। ਇਥੇ ਉਸ ਨੇ ਕਵੀ ਦੇ ਵਿਚਾਰ-ਸੰਸਾਰ, ਵਿਕਾਸ-ਪੱਥ ਉੱਤੇ ਅੱਗੇ ਵਧਦੇ ਵਿਚਾਰਧਾਰਕ ਕਦਮ, ਇਕਹਰੇਪਣ ਤੋਂ ਗਹਿਰ ਗੰਭੀਰ ਅਤੇ ਗੂਹੜਾ-ਗਾਹੜਾ ਹੁੰਦਾ ਕਵੀ ਦਾ ਬਹੁਪਰਤੀ ਅਨੁਭਵ ਅਤੇ ਉਸ ਦਾ ਪੂਰੀ ਸਮਰੱਥਾ ਨਾਲ ਅੱਗੇ ਵਧਦਾ ਪ੍ਰਗਟਾਉ-ਪਸਾਰ—ਅਨੁਭਵ ਦੀ ਮੌਲਕਤਾ, ਵਿਲੱਖਣਤਾ, ਵਿਸ਼ਾਲਤਾ ਅਤੇ ਭਰਪੂਰਤਾ ਨਾਲ ਬਿਆਨ ਕਰਦਾ ਭਾਸ਼ਾ ਪ੍ਰਵਾਹ ਤੇ ਚਿੰਨ ਪ੍ਰਵਾਹ ਆਦਿ ਵਿਚਾਰ ਵਿਚ ਆਏ ਹਨ।

ਆਲੋਚਕ ਨੇ ਬੜੀ ਸੋਚ ਵਿਚਾਰ ਅਤੇ ਜੋੜ-ਜੁਗਤ ਨਾਲ ਵਿਚਾਰ-ਚਰਚਾ ਨੂੰ ਚਿਤਵਿਆ, ਵਿਚਾਰਿਆ ਅਤੇ ਅੰਕਿਤ ਕੀਤਾ ਹੈ। ਭਾਵੇਂ ਆਲੋਚਨਾ-ਕਾਰਜ ਨਿਰੋਲ ਦਲੀਲ-ਪ੍ਰਬੰਧੀ ਹੋਣ ਕਰਕੇ ਕੁਝ ਰੁਖਸਣੀ ਹੋ ਜਾਇਆ ਕਰਦਾ ਹੈ। ਇਹ ਨਵਿਆਂ ਸਵਿਆਂ ਧਾਠਕਾਂ ਨੂੰ ਕੁਝ ਕੁ ਅਕਾਊ ਵੀ ਲੱਗ ਸਕਦਾ ਹੈ ਪਰ ਡਾ. ਅਨੂਪ ਨੇ ਇਸ ਅਧਿਅਨ ਨੂੰ ਇਸ ਪ੍ਰਕਾਰ ਅਕਾਊ ਅਤੇ ਬੇਰਸ ਨਹੀਂ ਹੋਣ ਦਿੱਤਾ ਕਿ ਇਸ ਨੂੰ ਪੜ੍ਹਨਾ ਅਤਿ ਕਠਨ ਹੋ ਜਾਵੇ। ਉਸ ਦੀ ਅਧਿਅਨ ਵਿਉਂਤ ਦਿਲਚਸਪੀ ਦੇ ਤੰਦ ਨੂੰ ਵਿਦਵਾਨੀ ਦਾ ਬੇਲੋੜਾ ਦਬਾਉ ਧਾ ਕੇ ਤੋੜਨ ਦਾ ਯਤਨ ਨਹੀਂ ਕਰਦੀ ਅਤੇ ਇਹ ਬੇਲੋੜੇ ਵਿਸਥਾਰਾਂ ਦੇ ਖਿਲਾਰੇ



ਪਾਉਣ ਵੱਲ ਵੀ ਰੁਚਤ ਨਹੀਂ ਹੈ।
ਇਸ ਨੂੰ ਵੀ ਇਕ ਚੰਗੇਰਾ ਮੌਕਾ ਮੇਲ ਹੀ ਕਹਿਣਾ ਚਾਹੀਦਾ ਹੈ ਕਿ ਪੁਸਤਕ ਵਿਚ
ਇਕ ਅਜਿਹੇ ਕਲਮਕਾਰ ਕਵੀ ਸਬੰਧੀ ਵਿਚਾਰ ਹੋਈ ਹੈ ਜਿਹੜਾ ਮੈਨੂੰ ਵਿਅਕਤੀਗਤ ਰੂਪ
ਵਿਚ ਵੀ ਪਰਮ-ਪ੍ਰਿਯ ਹੈ। ਇਸੇ ਪ੍ਰਥਾਏ ਕਵੀ ਹੁੰਦਲ ਦੀ ਵਧੀਆ ਕਵਿਤਾ ਬਾਰੇ ਕੀਤੇ
ਗਏ ਅਧਿਅਨ ਦਾ ਜ਼ਰਾ ਕੁ ਵਧੇਰੇ ਉਦਾਹਰਣਾਂ ਸਹਿਤ ਜ਼ਿਕਰ ਕਰਨਾ ਚਾਹਿਆ ਹੈ।
ਭਾਵੇਂ ਆਮ ਤੌਰ ਤੇ ਰੀਵੀਊ ਅਧੀਨ ਵਿਚਾਰੀਆਂ ਜਾਂਦੀਆਂ ਪੁਸਤਕਾਂ ਵਿਚੋਂ ਬਹੁਤੇ ਹਵਾਲੇ
ਨਹੀਂ ਲਏ ਜਾਂਦੇ। ਇਥੇ ਅਲੋਚਕ ਕਵੀ ਹੁੰਦਲ ਦੀ ਕਾਵਿ-ਕਲਾ ਦੇ ਮੁੱਖ ਪਹਿਲੂ ਵੜੀ
ਸਡੌਲਤਾ ਨਾਲ, ਸਾਫ ਸ਼ਫਾਫ ਫਲਸਫੀ, ਤਰਕ-ਸੰਗਤ ਪੀਠਦਾਰ ਸ਼ਬਦਾਵਲੀ ਵਿਚ ਅੰਕਤ
ਕਰਦਾ ਹੈ "ਉਸ ਦੀ ਕਾਵਿ-ਚੇਤਨਾ ਦੇ ਪ੍ਰਮੁੱਖ ਪਹਿਲੂ—ਲੋਕਾਂ ਨਾਲ ਪ੍ਰਤੀਬੱਧਤਾ, ਵਿਰੋਧ-
ਵਿਕਾਸੀ ਇਤਿਹਾਸਕ-ਪਦਾਰਥਵਾਦੀ ਦਰਸ਼ਨ ਵਿਚ ਡੂੰਘੀ ਆਸਥਾ, ਬੌਧਕ ਠਰ੍ਹੰਮਾ,
[ ਪੰਨਾ 102 ]
ਸਰਲਤਾ, ਸਪਸ਼ਟਤਾ ਅਤੇ ਰਵਾਨੀ ਹਨ।"
ਉਸ ਨੂੰ ਕਵੀ ਹੁੰਦਲ ਦੀ ਕਾਵਿ-ਰਚਨਾ ਵਿਚ ਬੋਧਕਤਾ ਦਾ ਰੰਗ ਗੂਹੜਾ ਹੁੰਦਾ
ਲੱਗਦਾ ਹੈ ਤਾਂ ਉਸ ਨੂੰ ਹੁੰਦਲ ਦਾ ਵਿਅੰਗ ਬਾਣ ਬਣ ਕੇ ਸਹਾਇਕ ਹੁੰਦਾ ਨਜ਼ਰ ਆਉਂਦਾ
ਹੈ। 'ਜਿਥੇ ਕੁਝ ਕਵਿਤਾਵਾਂ ਵਿਚ ਬੋਧਕਤਾ ਦਾ ਅੰਸ਼ ਭਾਰੂ ਹੋ ਜਾਂਦਾ ਹੈ ਉਥੇ ਉਸ ਦੀ
ਰਚਨਾ ਵਿਚਲਾ ਬੌਧਕ-ਵਿਅੰਗ ਨੀਰਸਤਾ ਦਾ ਨਿਖੇਧ ਕਰਦਾ ਹੋਇਆ ਲੋਕ ਮਨਾਂ ਨੂੰ ਟੁੰਬ
[ ਪੰਨਾ 102 ]
ਜਾਂਦਾ ਹੈ।'
ਇਥੇ ਇਕ ਹੋਰ ਵਿਵਰਣ ਦਰਜ ਕਰਨ ਦੀ ਖੁਲ੍ਹ ਲੈਣੀ ਚਾਹੁੰਦਾ ਹਾਂ। ਦੇਸ਼ ਦੀ
ਕਿਸੇ ਮਾਨਵੀ ਸਾਹਿਤਕ ਪ੍ਰਵਿਰਤੀ ਦਾ ਮਹਿਮਾ-ਮੰਡਨ ਹੁੰਦਾ ਹੈ ਤਾਂ ਮਨ ਖੁਸ਼ੀ ਨਾਲ
ਸਾਹਿੱਤਕ ਚਰਚਾ ਵਿਚ ਜਦ ਵੀ ਕਿਧਰੇ ਪੰਜਾਬੀ ਭਾਸ਼ਾ ਦੇ ਕਿਸੇ ਰਚਨਾ-ਕਰਮੀ ਦਾ ਜਾਂ
ਉਛਲ ਪੈਂਦਾ ਹੈ। ਇਹੋ ਜਿਹੀ ਸਥਿਤੀ ਹੀ ਉਸ ਵੇਲੇ ਪੈਦਾ ਹੋ ਜਾਂਦੀ ਹੈ ਜਦ ਕਵੀ
ਹੁੰਦਲ ਦੀਆਂ ਕਵਿਤਾਵਾਂ ਦਾ ਸੰਗ੍ਰਹਿ ਅੰਗਰੇਜ਼ੀ ਭਾਸ਼ਾ ਵਿਚ ਛਪਿਆ ਪਾਉਂਦੇ ਹਾਂ। ਇਸ
ਤੋਂ ਵੀ ਹੋਰ ਵਧੇਰੇ ਖੁਸ਼ੀ ਹੁੰਦੀ ਹੈ ਜਦ ਅੰਗਰੇਜ਼ੀ ਭਾਸ਼ਾ ਵਿਚ ਲਿਖਣ ਵਾਲੇ ਅਲੋਚਕ
ਉਸ ਨੂੰ ਆਪਣੀ ਹੋਣੀ ਲੋਕ-ਹੋਣੀ ਨਾਲ ਜੋੜਨ ਵਾਲਾ ਲੋਕਾਂ ਦਾ ਮਸੀਹਾ ਕਵੀ ਕਹਿੰਦੇ
ਹਨ। ਬਹਿਰਾਮਪੁਰ (ਉੜੀਸਾ) ਤੋਂ ਪ੍ਰਕਾਸ਼ਤ ਹੁੰਦੇ ਨਿਰੰਜਨ ਮੋਹੰਤੀ ਕੁਲਭੂਸ਼ਨ ਕੁਸ਼ਲ
ਦੁਆਰਾ ਸੰਪਾਦਤ ਛਿਮਾਹੀ ਪੱਤਰ 'ਪੋਇਟਰੀ' ਵਿਚ ਸਮੀਖਿਅਕ ਈ. ਰਾਜਾ ਰਾਓ ਨੇ
ਇਸੇ ਪ੍ਰਕਾਰ ਦੇ ਵਿਚਾਰ ਪ੍ਰਗਟ ਕੀਤੇ ਹਨ, ਜਦੋਂ ਉਹ ਕਵੀ ਹੁੰਦਲ ਦੀ ਅੰਗਰੇਜ਼ੀ ਵਿਚ
ਆਈ ਪੁਸਤਕ The Decisive Moment ਦਾ ਰੀਵੀਊ ਕਰਦਾ ਹੈ। ਉਸ ਨੂੰ ਕਵੀ
ਹੁੰਦਲ ਚੰਗਾ ਤੇ ਲੱਗਦਾ ਹੀ ਹੈ ਪਰ ਇਸ ਦੇ ਨਾਲ ਹੀ ਉਸ ਨੂੰ ਵੀ ਉਸ ਦੀਆਂ ਕਵਿਤਾਵਾਂ
ਵਿਚੋਂ ਬੋਧਕਤਾ ਦੀ ਗੰਧ ਆਉਂਦੀ ਹੈ ਜਦ ਉਹ ਇਉਂ ਅੰਕਤ ਕਰਦਾ ਹੈ "Though
on the one hand, the poems suffer from the intellectual cdour,
They are very much on the fringe of satire."
[ E. Raja Rao POETRY Vol. XV No. 2, 1990 ] ਰਾਜਾ ਰਾਓ

ਦਾ ਇਹ ਹਵਾਲਾ ਇਕ ਪਾਸੇ ਸਾਡੇ ਮਨ ਨੂੰ ਖੁਸ਼ੀ ਨਾਲ ਭਰ ਦੇਂਦਾ ਹੈ ਅਤੇ ਦੂਸਰੀ ਪਾਰ ਇਸ ਦੀ ਇਹ ਖ਼ੂਬੀ ਹੈ ਕਿ ਇਹ ਡਾ. ਅਨੂਪ ਦੇ ਅਧਿਅਨ-ਨਿਚੜਾਂ ਦੀ ਗਵਾਹੀ ਵੀ ਬਣਦਾ ਹੈ। ਉਹ ਅੱਗੇ ਫਿਰ ਹੋਰ ਜੋਸ਼ ਨਾਲ ਕਹਿੰਦਾ ਹੈ "ਕਲਾ ਲੋਕਾਂ ਲਈ ਦੇ ਸਿਧਾਂਤ ਦਾ ਅਨੁਆਈ ਹੁੰਦਲ ਪੰਜਾਬੀ ਸਾਹਿਤ ਦੀ ਪ੍ਰਮੁੱਖ ਸੁਰ ਅਗਾਂਹ ਵਧੂ, ਧਰਮ ਨਿਰਪੱਖਤਾ, ਜਮਹੂਰੀਅਤ, ਉਦਾਰਵਾਦ ਅਤੇ ਮਾਨਵਤਾਵਾਦ—ਦਾ ਝੰਡਾ ਬਰਦਾਰ ਹੈ, ਉਜਲੇ ਭਵਿੱਖ ਵਿਚ ਡੂੰਘੀ ਆਸਥਾ ਉਸ ਨੂੰ ਉਸ ਦੇ ਬਹੁਤੇ ਸਮਕਾਲੀਆਂ ਨਾਲੋਂ ਵੱਖਰਿਆਉਂਦੀ ਹੈ। ਉਸ ਦਾ ਲੋਕ-ਚੇਤਨਾ, ਜਥੇਬੰਦੀਆਂ ਅਤੇ ਸੰਘਰਸ਼ ਵਿਚ ਡੂੰਘਾ ਵਿਸ਼ਵਾਸ਼ ਹੈ।"

[ ਪੰਨਾ 123 ]

ਕਵੀ ਹੁੰਦਲ ਦੇ ਮੋਟੇ ਠੁੱਲੇ ਤੇ ਸਥੂਲ ਪੱਖਾਂ ਤੋਂ ਅੱਗੇ ਵੀ ਉਸ ਦੀ ਨਜ਼ਰ ਜਾਂਦੀ ਜਦ ਉਹ ਲਿਖਦਾ ਹੈ "ਉਹ ਕਵਿਤਾ ਦੀ ਸੋਹਜਾਤਮਕ, ਸੂਖਮ ਅਤੇ ਸੰਕੇਤਕ ਪ੍ਰਕ੍ਰਿਤੀ ਬਾਰੇ ਪੂਰਨ ਭਾਂਤ ਸਤਰਕ ਹੈ। ਸੋਹਜਾਤਮਕ ਪੇਸ਼ਕਾਰੀ ਲਈ ਉਹ ਭਾਵਨਾ ਅਤੇ ਬੋਧਕਤਾ ਦਾ ਸੁਮੇਲ ਪੇਸ਼ ਕਰਨ ਲਈ ਨਿਰੰਤਰ ਯਤਨਸ਼ੀਲ ਹੈ।" [ ਪੰਨਾ 123 ]

ਥੋੜੇ ਸ਼ਬਦਾਂ ਵਿਚ ਬਹੁਤਾ ਕਹਿਣ ਦੇ ਢੰਗ ਦੀ ਬੜੀ ਸਮਰੱਥਾ ਨਾਲ ਵਰਤੋਂ ਕਰਦਾ ਹੋਇਆ ਉਹ ਕਵੀ ਹੁੰਦਲ ਦੀ ਸ਼ੈਲੀ ਨੂੰ ਇਉਂ ਸੂਤਰ ਰੂਪ ਸ਼ਬਦਬੱਧ ਕਰਦਾ ਹੈ। "ਹੁੰਦਲ ਦੀ ਸ਼ੈਲੀ ਵਰਣਨਾਤਮਕ, ਸੰਬੋਧਨੀ ਅਤੇ ਪ੍ਰਸ਼ਨ ਵਾਚਕ ਹੈ।" [ ਪੰਨਾ 124 ]

ਇਤਨਾ ਕੁਝ ਦੇ ਹੁੰਦਿਆਂ ਹੋਇਆਂ ਵੀ ਇਥੇ ਕੁਝ ਕੰਮ ਹੋਣੋ ਰਹਿ ਗਿਆ ਲੱਗਦਾ ਹੈ। ਨਿਸਚੇ ਹੀ ਜਿਸ ਵੀ ਕਵੀ ਜਾਂ ਰਚਨਾ-ਕਰਮੀ ਬਾਰੇ ਅਸੀਂ ਇਕ ਅਲੋਚਨਾ ਪੁਸਤਕ ਦਾ ਸੁਯੋਜਨ ਕਰਦੇ ਹਾਂ। ਉਹ ਅਤੀ ਸੰਭਾਵਨਾਵਾਂ ਭਰਪੂਰ ਅਤੇ ਨਵੀਆਂ ਦਿਸ਼ਾਵਾਂ ਦੇਣ ਵਾਲਾ ਕਰਤਾ ਵੀ ਹੋ ਸਕਦਾ ਹੈ ਤਾਂ ਹੀ ਉਸ ਨੂੰ ਇਹ ਮਾਣ ਮਿਲਦਾ ਹੈ। ਮੇਰੇ ਵਿਚਾਰ ਵਿਚ ਉਸ ਵੱਡਭਾਵੀ ਕਰਤਾ ਸਬੰਧੀ ਕੋਈ ਵੀ ਵਿਚਾਰ ਚਰਚਾ ਉਤਨਾ ਚਿਰ ਅਪੂਰਣ ਹੀ ਰਹੇਗੀ ਜਿੰਨਾ ਚਿਰ ਉਸ ਦੇ ਜੀਵਨ ਦਰਸ਼ਨ, ਲੇਖਨ ਸਫ਼ਰ ਵਿਚ ਆਉਂਦੇ ਮੁੱਖ ਝੁਕਾਵਾਂ ਵਿਸ਼ੇਸ਼ ਪ੍ਰਵਿਰਤੀਆਂ, ਸਮੇਂ ਸਮੇਂ ਚੱਲੀਆਂ ਵੱਖ ਵੱਖ ਸਮਾਜਕ ਅਤੇ ਸਾਹਿਤਕ ਲਹਿਰਾਂ ਅਤੇ ਉਸ ਵਲੋਂ ਇਹਨਾਂ ਨੂੰ ਦਿੱਤਾ ਗਿਆ ਹੁੰਗਾਰਾ ਲੋੜੀਂਦੇ ਮੂਲ ਅੰਕਣ ਸਹਿਤ ਦਰਜ ਨਹੀਂ ਕੀਤਾ ਜਾਂਦਾ। ਇਸ ਦੇ ਨਾਲ ਹੀ ਉਸ ਦੇ ਅੰਗ ਸੰਗ ਵਿਚਰਦੇ ਸਮਾਜਕ ਯਥਾਰਥ ਦੇ ਪ੍ਰਗਟਾਵੇ ਦਾ ਪੜਾਅਵਾਰ ਅਧਿਅਨ, ਉਸ ਦੀ ਰਚਨਾ-ਪ੍ਰਕ੍ਰਿਆ ਤਰਕ ਸੰਗਤ ਅਧਿਅਨ ਅਤੇ ਉਪਰੋਕਤ ਤੇ ਇਹਨਾਂ ਨੁਕਤਿਆਂ ਨੂੰ ਸੰਮਿਲਤ ਕਰਦਿਆਂ ਉਸ ਦੇ ਸਾਰੇ ਵਡੇਰੇ ਪਸਾਰੇ ਨੂੰ ਬਿਆਨ ਕਰਨ ਵਾਲਾ ਢੰਗ ਅਥਵਾ ਸ਼ੈਲੀਗਤ ਅਧਿਅਨ, ਸਾਹਿਤਕ ਰੂਪਾਂ ਦਾ ਅਧਿਅਨ ਅਤੇ ਭਾਸ਼ਾਗਤ ਪਰਖ ਪੜਚੋਲ ਵੀ ਵਿਚਾਰ ਵਿਚ ਲੈ ਆਉਣੇ ਬਣਦੇ ਹਨ। ਫਿਰ ਵੀ ਕੋਈ ਅਲੋਚਕ ਇਹ ਕਹਿਣ ਦੇ ਅਯੋਗ ਹੋ ਸਕਦਾ ਹੈ ਕਿ ਉਸ ਨੇ ਕਿਸੇ ਵੱਡਭਾਵੀ ਰਚਿਤਾ ਬਾਰੇ ਇਕ ਅਲੋਚਨਾ ਪੁਸਤਕ ਸਿਰਜੀ ਹੈ।

ਇਸ ਪੁਸਤਕ ਵਿਚ ਅਲੋਚਕ ਨੇ ਭਾਵੇਂ ਥਾਂ ਪਰ ਥਾਂ ਬਹੁਤ ਕੁਝ ਕਹਿਣ ਦਾ ਯਤਨ ਕੀਤਾ ਹੈ ਪਰ ਇਸ ਅਧਿਅਨ ਨੂੰ ਵਿਧੀਵਤ ਬਣਾਉਣ ਲਈ ਮੇਰੀ ਸੋਚ ਮੁਤਾਬਕ ਉਪਰੋਕਤ



ਅਧਿਅਨ ਵਿਧੀ ਵਧੇਰੇ ਸਹਾਈ ਸਿੱਧ ਹੋ ਸਕਦੀ ਹੈ। ਇਉਂ ਵਿਚਾਰ-ਚਰਚਾ ਵਿਚ ਲਿਆਂਦੇ ਗਏ ਕਰਤਾ ਨਾਲ ਵੀ ਵਧੇਰੇ ਇਨਸਾਫ ਹੋ ਸਕਦਾ ਹੈ ਅਤੇ ਉਸ ਦਾ ਪਾਠਕ ਵੀ ਉਸ ਤੋਂ ਵਧੇਰੇ ਗ੍ਰਹਿਣ ਕਰਨ ਦੇ ਯੋਗ ਹੋ ਸਕਦਾ ਹੈ। ਥਾਂ ਪਰਥਾਂ ਦਰਜ ਚਰਚਾ ਉਸ ਲਈ ਵਡੇਰੀ ਔਖਿਆਈ ਪੈਦਾ ਕਰਦੀ ਹੈ।

ਡਾ: ਅਨੂਪ ਵਲੋਂ ਕੀਤੇ ਗਏ ਇਸ ਅਧਿਅਨ ਵਿਚ ਮੋਟੇ ਰੂਪ ਵਿਚ ਵਿਸਥਾਰ ਨਾਲ ਕੀਤੇ ਗਏ ਰੀਵੀਉ ਰੂਪ ਤਾਰਕਿਕ ਪ੍ਰਭਾਵ ਹੀ ਸਾਹਮਣੇ ਆਏ ਹਨ। ਇਹਨਾਂ ਵਿਚ ਵਿਸਥਾਰ ਦੇ ਹੁੰਦਿਆਂ ਵੀ ਸਮੁੱਚਤਾ ਅਤੇ ਇਕ ਨਜ਼ਰੇ ਇਕ ਰਚਿਤਾ ਵਿਚੋਂ ਲੰਘ ਜਾਣ ਵਾਲੀ ਵਿਚਾਰ ਵਿਉਂਤ ਨਹੀਂ ਪਾਈ ਜਾਂਦੀ। ਆਲੋਚਕ ਇਸ ਵਿਚਾਰ-ਢੰਗ ਨੂੰ ਵਿਚਾਰ-ਚਤਚਾ ਦਾ ਆਪਣਾ ਨਵਾਂ ਢੰਗ ਵੀ ਰਹਿ ਸਕਦਾ ਹੈ। ਉਸ ਵਲੋਂ ਅਪਣਾਇਆ ਗਿਆ ਇਹ ਢੰਗ ਸਿਰ-ਮੱਥੇ ਕਿਉਂਕਿ ਨਵੀਨਤਾਵਾਂ ਦਾ ਰਾਹ ਨਹੀਂ ਰੋਕਿਆ ਜਾਣਾ ਚਾਹੀਦਾ। ਅਸਲ ਵਿਚ ਨਵਿਆਂ ਦਿਸਹੱਦਿਆਂ ਵਲ ਨੂੰ ਤੁਰਨ ਅਤੇ ਉਹਨਾਂ ਨੂੰ ਪ੍ਰਾਪਤ ਕਰਨ ਦੀਆਂ ਇਹ ਹੀ ਆਧਾਰ ਸ਼ਿਲਾਵਾਂ ਹਨ ਪਰ ਨਾਲ ਹੀ ਵਡੇਰੀ ਲੋੜ ਵਿਚਾਰ ਅਧੀਨ ਕਰਤਾ ਸਬੰਧੀ ਇਕ ਪਰਿਪੂਰਣ ਵਿਚਾਰ ਪੇਸ਼ ਕਰਨ ਦੀ ਰਹਿੰਦੀ ਹੈ ਜੋ ਇਥੇ ਖਿਲਰੇ ਪੁਲਰੇ ਰੂਪ ਵਿਚ ਤਾਂ ਹੈ ਪਰ ਸੰਗ੍ਰਹਿਤ ਅਤੇ ਸੰਚਤ ਰੂਪ ਵਿਚ ਨਹੀਂ। ਵੱਖਰਾ ਵੱਖਰਾ ਪੁਸਤਕ ਅਧਿਅਨ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ ਪਰ ਇਹ ਮਾਣ ਸਿਰਫ ਉਹਨਾਂ ਵਿਸ਼ੇਸ਼ ਫਲਸਫੀ ਬਹੁਪਰਤੀ ਅਤੇ ਬਹੁਦਿਸ਼ਾਵੀ ਰਚਨਾਵਾਂ ਨੂੰ ਹੀ ਦੇਣਾ ਬਣਦਾ ਹੈ ਜੋ ਇਸ ਵੱਡਭਾਵੀ ਅਵਸਥਾ ਨੂੰ ਪਹੁੰਚਦੀਆਂ ਹੋਣ। ਬੇਸ਼ਕ ਵਿਚਾਰ-ਅਧਿਅਨ ਨੂੰ ਵਿਸ਼ਾਲਤਾ ਦੇਣ ਲਈ ਹਵਾਲੇ ਦੇਂਦਿਆਂ ਕਿਸੇ ਵੀ ਰਚਨਾ ਨੂੰ ਵਿਚਾਰ ਤੋਂ ਇਕ ਪਾਸੇ ਨਹੀਂ ਰੱਖਿਆ ਜਾ ਸਕਦਾ। ਮੈਂ ਤਾਂ ਇਹ ਵੀ ਕਹਿਣਾ ਚਾਹੁੰਦਾ ਹਾਂ ਵਿਚਾਰ ਅਧੀਨ ਕਰਤਾ ਦੀਆਂ ਮੁੱਖ ਪ੍ਰਵਿਰਤੀਆਂ ਨੂੰ ਅਤੇ ਉਘੜਵੇਂ ਕਾਰਜਸ਼ੀਲ ਰੁਝਾਨਾਂ ਨੂੰ ਵਿਚਾਰਦਿਆਂ ਨਾਲ ਨਾਲ ਨਿੱਕੇ ਨਿੱਕੇ ਪਹਿਲੂਆਂ ਨੂੰ ਵੀ ਵਿਚਾਰ ਵਿਚ ਸ਼ਾਮਲ ਕਰ ਲੈਣਾ ਚਾਹੀਦਾ ਹੈ ਤਾਂ ਕਿ ਇਕ ਸੰਪੂਰਨ ਚਿੱਤਰ ਪੇਸ਼ ਕੀਤਾ ਜਾ ਸਕੇ ਅਤੇ ਕੋਈ ਕਰਤਾ ਇਹ ਵੀ ਨਾ ਕਹਿ ਸਕੇ ਕਿ ਫਲਾਣੇ ਅਲੋਚਕ ਨੇ ਮੇਰੇ ਬਾਰੇ ਵਿਚਾਰ ਕਰਦਿਆਂ ਮੇਰੀ ਪੂਰੀ ਲਿਖਤ ਨੂੰ ਧਿਆਨ ਵਿਚ ਨਹੀਂ ਲਿਆਂਦਾ।

ਕਿਸੇ ਰਚਨਾਕਾਰ ਨੂੰ ਉਸ ਦੇ ਮੁੱਖ ਝੁਕਾਵਾਂ ਅਨੁਸਾਰ ਵਿਚਾਰਨਾ ਇਸ ਲਈ ਉਚਿੱਤ ਲੱਗਦਾ ਹੈ ਕਿਉਂਕਿ ਵੱਖ-ਵੱਖ ਵਿਸ਼ਿਆਂ ਉਤੇ ਮਿਹਨਤ ਕਰਨੀ ਹੁੰਦੀ ਹੈ ਅਤੇ ਅਧਿਅਨ ਡੂੰਘਾਈ ਵਾਲਾ ਹੋ ਜਾਂਦਾ ਹੈ। ਉਪਹਰਣ ਅਰਥ ਰਚਨਾ-ਕਰਮੀ ਦੀ ਸਮਾਜਕ ਹਾਲਤਾਂ ਦੀ ਪਕੜ ਸਬੰਧੀ ਵਿਚਾਰ ਕਰਦਿਆਂ ਇਹ ਦਰੁਸਤੀ ਨਾਲ ਸਮਝਿਆ ਅਤੇ ਸਮਝਾਇਆ ਜਾਣਾ ਚਾਹੀਦਾ ਹੈ। ਉਸ ਦੀ ਪਕੜ ਅਰੰਭ ਵਿਚ ਕਿਸ ਪ੍ਰਕਾਰ ਦੀ ਸੀ, ਅੱਗੇ ਵਧਦਿਆਂ ਉਸ ਵਿਚ ਕੀ ਉਤਰਾ ਚੜ੍ਹਾ ਆਏ ਹਨ ਅਥਵਾ ਉਸ ਵਿਚ ਪ੍ਰੌੜਤਾ ਆਈ ਹੈ ਜਾਂ ਉਹ ਆਸ਼ੇ ਤੋਂ ਲਾਂਭੇ ਸਰਕ ਗਿਆ ਹੈ। ਇਸ ਦੇ ਨਾਲ ਲੱਗਦਾ ਇਕ ਹੋਰ ਨੁਕਤਾ ਵੀ ਹੋ ਸਕਦਾ ਹੈ ਅਥਵਾ ਉਸ ਦੀ ਆਪਣੇ ਹੋਰ ਸਮਕਾਲੀਆਂ ਦੇ ਸਮਾਨ ਅੰਤਰ ਮੁਕਾਬਲੇ ਵਿਚ ਸਮਾਜਕ ਹਾਲਤਾਂ ਦੀ ਪਕੜ ਕਿਸ ਪ੍ਰਕਾਰ ਦੀ ਹੈ, ਉਸ ਸੱਤਾ ਦੇ ਹੱਕ ਵਿਚ ਭੁਗਤਦਾ ਹੈ ਜਾਂ

ਲਗਾਤਾਰ ਵਿਰੋਧ ਵਿਚ ਸੱਚਾਈ ਦਾ ਝੰਡਾ ਚੁੱਕੀ ਅਡਿੱਗ ਖੜਾ ਹੈ । ਅਰਥਾਤ ਉਹ ਕਿੰਨਾ ਗੂਹੜਾ-ਗਾਹੜਾ ਹੈ ਤੇ ਕਿੰਨਾ ਪਤਲਾ ਪੇਤਲਾ ਥਿਆ ਹੈ । ਇਉਂ ਕੀਤੀਆਂ ਵਿਚਾਰ-ਅਧੀਨ ਕਰਤਾ ਦੇ ਵਿਚਾਰ-ਸੰਸਾਰ ਨੂੰ ਹੋਰ ਸਫਲਤਾ, ਡੂੰਘਾਈ ਅਤੇ ਵਿਸ਼ਾਲਤਾ ਨਾਲ ਪੜ੍ਹ ਸਕਣ ਦਾ ਭਰਵਾਂ ਅਵਸਰ ਮਿਲ ਸਕਦਾ ਹੈ ।

ਇਕ ਮਿਸਾਲ ਲੈ ਦੇ ਹਾਂ । ਸੰਸਾਰ ਪੱਧਰ ਉੱਤੇ ਅਮਨ-ਲਹਿਰ ਚੱਲੀ । ਕਲਾਕਾਰਾਂ ਕਲਮਕਾਰਾਂ ਨੇ ਉਸ ਵਿਚ ਆਪਣਾ ਹੁੰਗਾਰੇ ਰੂਪ ਹਿੱਸਾ ਪਾਇਆ । ਪੰਜਾਬੀ ਕਲਮਕਾਰ ਕਵੀ ਵੀ ਕਿਸੇ ਪ੍ਰਕਾਰ ਪਿਛੇ ਨਾ ਰਹੇ । ਇਸ ਪੁਸਤਕ ਦੇ ਅਰੰਭਲੇ ਖੰਡ ਵਿਚ ਕਵੀ ਹੁੰਦਲ ਕਰਤਾ-ਅਲੋਚਕ ਨੂੰ ਇਕ ਪ੍ਰਸ਼ਨ ਦੇ ਉੱਤਰ ਵਿਚ ਇਸੇ ਪ੍ਰਕਾਰ ਦਾ ਬਿਰਤਾਂਤ ਦਰਜ ਕਰਾਉਂਦਾ ਹੈ । ਜੇ ਸਾਡਾ ਅਲੋਚਕ ਇਸੇ ਪ੍ਰਸੰਗ ਵਿਚ ਕਾਵਿ-ਰਚਨਾ ਵਿਚ ਕਵੀ ਹੁੰਦਲ ਦੀ ਪਹੁੰਚ ਨੂੰ ਪ੍ਰਗਤੀਵਾਦੀ-ਰੋਮਾਂਚਵਾਦੀ ਲਹਿਰ ਦੇ (ਅਮਨ ਗੀਤ/ਕਵਿਤਾ ਤਾਂ ਅੱਜ ਤੀਕ ਲਿਖੀਆਂ ਜਾ ਰਹੀਆਂ ਹਨ) ਅਮਨ ਗੀਤ ਅਤੇ ਕਵਿਤਾਵਾਂ ਦੇ ਸਮਾਨ ਅੰਤਰ ਰੱਖ ਕੇ ਵਿਚਾਰਦਾ ਤਾਂ ਨਿਸਚੇ ਹੀ ਕਵੀ ਹੁੰਦਲ ਅਤੇ ਉਸ ਦੇ ਪਾਠਕਾਂ, ਦੋਹਾਂ ਨੇ ਹੀ ਪੁਣ ਛਾਣ ਨੂੰ ਸਹੀ ਸੰਦਰਭ ਵਿਚ ਗ੍ਰਹਿਣ ਕਰ ਸਕਣ ਦੇ ਯੋਗ ਹੋ ਜਾਣਾ ਸੀ । ਕਿਉ ਕਿ ਇਉਂ ਅਧਿਅਨ-ਆਰਥੀ ਵਸਤੂ ਦੇ ਨਾਲ ਕੁਝ ਹੋਰ ਵਿਚਾਰ ਧਰਤਾਂ ਵੀ ਜੁੜ ਜਾਂਦੀਆਂ ਸਨ ਜਿਸ ਨਾਲ ਪਾਠਕ ਨੇ ਵਧੇਰੇ ਸੁਖੇਨਤਾ ਨਾਲ ਸਮਝਣਾ ਸੀ ਅਤੇ ਵੱਡਭਾਵੀ ਕਵੀ ਹੁੰਦਲ ਨੇ ਹੋਰ ਸਮਕਾਲੀਆਂ/ਪੂਰਵ ਵਰਤੀਆਂ ਦੀ ਤੁਲਣਾ ਵਿਚ ਆ ਕੇ ਆਪਣੇ ਪ੍ਰਤੀਕਰਮ ਨੂੰ ਮੁੜ ਤੋਂ ਘੋਖਣਾ ਸੀ ਅਤੇ ਅੱਗੇ ਤੋਂ ਕਿਸੇ ਸਮੱਸਿਆ ਵਿਸ਼ੇਸ਼ ਦੇ ਅਧਿਅਨ-ਗ੍ਰਹਿਣ ਅਤੇ ਪ੍ਰਗਟਾਉਣ ਸਬੰਧੀ ਆਪਣੇ ਆਪ ਨੂੰ ਮੁੜ ਸੰਜੋਅ ਕੇ ਆਪਣੇ ਰਚਨਾਤਮਕ ਵਿਕਾਸ ਪ੍ਰਤੀ ਹੋਰ ਚੇਤੰਨ ਕਾਰਜਸ਼ੀਲ ਹੋ ਜਾਣਾ ਸੀ । ਇਸ ਦਾ ਇਹ ਅਰਥ ਬਿਲਕੁਲ ਨਹੀਂ ਲਿਆ ਜਾਣਾ ਚਾਹੀਦਾ ਕਿ ਕਵੀ ਹੁੰਦਲ ਪਹਿਲਾਂ ਚੇਤੰਨ-ਕਾਰਜਸ਼ੀਲ ਹੈ । ਉਹ ਚੇਤੰਨ-ਕਾਰਜਸ਼ੀਲ ਹੈ ਇਸੇ ਲਈ ਤਾਂ ਉਸ ਤੋਂ ਹੋਰ ਵਧੇਰੇ ਆਸਾਂ ਤੇ ਆਸ਼ਾਵਾਂ ਬਣ ਜਾਂਦੀਆਂ ਹਨ । ਮੇਰੇ ਵਿਚਾਰ ਵਿਚ ਜੀਵਨ ਅਤੇ ਰਚਨਾ ਦੋਹਾਂ ਖੇਤਰਾਂ ਵਿਚ ਹੀ ਨਿਰੰਤਰ ਅਧਿਅਨ, ਚਿੰਤਨ-ਮਨਨ, ਕੁਝ ਛੱਡਣਾ ਅਤੇ ਕੁਝ ਸਿੱਖਦੇ ਜਾਣਾ ਜ਼ਰੂਰੀ ਅਮਲ ਹਨ ।

ਸਮੁੱਚੇ ਰੂਪ ਵਿਚ ਇਸ ਅਲੋਚਨਾ ਪੁਸਤਕ ਸਬੰਧੀ ਵਿਚਾਰ ਕਰਦਿਆਂ ਅਸੀਂ ਅਲੋਚਕ ਡਾ: ਅਨੂਪ ਸਿੰਘ ਨੂੰ ਵਿਸ਼ਲੇਸ਼ਣੀ-ਵਿਆਖਿਆਮਈ ਅਲੋਚਨਾਪੱਧਤੀ ਅਪਣਾਉਂ-ਦਿਆਂ ਪਾਉਂਦੇ ਹਾਂ । ਉਹ ਆਪਣੀ ਲਿਖਤ ਨੂੰ ਮਾਰਕਸਵਾਦੀ ਅਲੋਚਨਾ ਦ੍ਰਿਸ਼ਟੀ ਨਾਲ ਫਲਸਫੀ-ਗੰਭੀਰਤਾ ਅਤੇ ਵਿਸ਼ਾਲਤਾ ਦੇਂਦਾ ਹੈ । ਉਸ ਦਾ ਅਧਿਅਨ-ਢੰਗ ਦਲੀਲ-ਸੰਗਤ ਰਹਿੰਦਾ ਹੈ । ਉਹ ਵਿਆਖਿਆਮਈ ਸੁਰ ਨੂੰ ਅਪਣਾਉਂਦਿਆਂ ਅਣਭਾਉਂਦੇ ਨੂੰ ਰੱਦ ਕਰਨ ਦੇ ਸੁਰ ਵਲ ਨਾ ਜਾ ਕੇ ਉਸਾਰੂ ਢੰਗ ਨਾਲ ਵਿਚਾਰਦਾ ਹੈ । ਮੈਂ ਇਥੇ ਕੁਝ ਵਿਚਾਰ-ਚਰਚਾ ਉਸ ਨੂੰ ਤੁਲਣਾਤਮਕ ਹੋਣ ਦੀ ਸਲਾਹ ਦੇਣ ਦੇ ਰੌਂ ਵਿਚ ਕੀਤੀ ਹੈ । ਬੇਸ਼ੱਕ ਉਸਦਾ ਅਲੋਚਨਾ-ਅਧਾਰ ਨਿਰਜਿੰਦ ਦਲੀਲਾਂ ਨਹੀਂ ਸਗੋਂ ਭਰਵਾਂ ਅਤੇ ਠੋਸ ਜੀਵਨ ਤਰਕ-ਵਿਧਾਨ ਹੈ ।

ਸੁਰਿੰਦਰ ਕਾਹਲੋਂ, C/o ਪੋਸਟ ਮਾਸਟਰ
ਪੁਰਾਣਾਸ਼ਾਲਾ, ਗੁਰਦਾਸਪੁਰ (Pb.)





## ਹੂਰ/ਬਾਬਾ ਨਜ਼ਮੀਂ (ਪਾਕਿਸਤਾਨ)

ਮੇਰੇ ਨਾਲੋਂ ਵਾਲ ਵੀ ਤੇਰੇ ਲੰਮੇ ਨੇ
ਮੇਰੇ ਨਾਲੋਂ ਰੰਗ ਵੀ ਤੇਰਾ ਚਿੱਟਾ ਏ
ਮੇਰੇ ਨਾਲੋਂ ਅੱਖ ਵੀ ਤੇਰੀ ਚੰਗੀ ਏ
ਮੇਰੇ ਨਾਲੋਂ ਨੱਕ ਵੀ ਤੇਰਾ ਤਿੱਖਾ ਏ
ਪਰ ਮੁਟਿਆਰੇ
ਦੱਸ ਨੀ ਮੈਨੂੰ
ਸਿਰ ਤੇ ਪਾਟੀ ਚੱਦਰ ਕਿਉਂ ?
ਰੇਸ਼ਮ ਵਰਗੇ ਜੁੱਸੇ ਉੱਤੇ ਖੱਦਰ ਕਿਉਂ ?
ਤੇਰੇ ਸਿਰ ਤੇ ਜੂੜਾ ਕਿਉਂ ਨਹੀਂ ?
ਹੱਥੀਂ ਰੰਗਲਾ ਚੂੜਾ ਕਿਉਂ ਨਹੀਂ ?

ਕੋਕਾ ਕਿੱਥੇ ਤੇਰੇ ਨਕ ਦਾ
ਬੁੱਲ੍ਹਾਂ ਉੱਤੇ ਰੰਗ ਨਹੀਂ ਸੱਕ ਦਾ
ਸਿਰ ਤੋਂ ਲੈ ਕੇ ਪੈਰਾਂ ਤੀਕਰ
ਇੱਕ ਮੁਕੰਮਲ ਤੂੰ ਤਸਵੀਰ
ਸੱਜੀ ਸੋਹਣੀ ਲੱਗੇਂ ਹੀਰ
ਹੁਲੀਆ ਮੈਨੂੰ ਦੱਸੇ ਤੇਰਾ
ਵਾਲੀ ਵਾਰਸ ਕੋਈ ਨਾ ਤੇਰਾ

ਇੰਝ ਨਾ ਕਹੋ ਨੀ ਖ਼ੈਰੀਂ ਸੱਲਾ
ਜੁਗ ਜੁਗ ਜੀਵੇ ਮੇਰਾ ਮੱਲਾ
ਇਸ ਧਰਤੀ ਦਾ ਨੂਰ ਨੀ ਅੜੀਏ
ਉਹਦਾ ਨਾ ਮਜ਼ਦੂਰ ਨੀ ਅੜੀਏ
ਜਿਸ ਦੀ ਮੈਂ ਹਾਂ ਹੂਰ ਨੀ ਅੜੀਏ
ਉਹਨੂੰ ਏਵੇਂ ਚੰਗੀ ਲੱਗਾਂ

—O—

## ਸਾਡੇ ਸਮੇਂ/ਦੇਵਿੰਦਰ ਚੰਦਨ

ਸਾਡੇ ਸਮਿਆਂ ਦੀ ਪੀੜ੍ਹੀ ਹੈਰਾਨ ਹੈ
ਇਹਦੇ ਹੱਥਾਂ ਵਿਚ ਫੜੀਆਂ ਕਿਤਾਬਾਂ ਵਿਚ
ਪੰਛੀਆਂ ਦੀਆਂ ਡਾਰਾਂ ਦੀਆਂ ਉਡਾਣਾਂ ਹਨ
ਹੰਸਾਂ ਦੇ ਮੋਤੀ-ਚੁਗਣ ਦੇ ਕਿੱਸੇ ਹਨ
ਖ਼ੁਦਾ ਦੇ ਬੰਦਿਆਂ ਦੇ ਸਿਜਦੇ ਹਨ
ਪ੍ਰਭੂ ਦੇ ਘਰ ਦੀਆਂ ਡੰਡੌਤਾਂ ਹਨ
ਵਿਹੜਿਆਂ ਵਿਚ ਪੈ ਰਹੇ ਗਿੱਧਿਆਂ ਦੇ ਬੋਲ ਹਨ
ਮੇਲਿਆਂ ਵਿਸਾਖੀਆਂ ਤੇ ਪੈ ਰਹੇ ਘੋਲ ਹਨ
ਰਾਮ ਮੁਹੰਮਦ ਤੇ ਨਾਨਕ ਦੀ ਬਾਣੀ ਹੈ
ਫਰੀਦ, ਸ਼ਾਹ ਹੁਸੈਨ ਤੇ ਬੁੱਲ੍ਹੇ ਸ਼ਾਹ ਦੀ ਕਹਾਣੀ ਹੈ
ਕਬੀਰ, ਨਾਮਦੇਵ ਅਤੇ ਰਵਿਦਾਸ ਦਾ ਇਤਿਹਾਸ ਹੈ
ਰਾਮ, ਰਹੀਮ ਅਤੇ ਰੱਬ ਦਾ ਮਿਥਿਹਾਸ ਹੈ
ਪਰ......
ਇਹਦੇ ਪੈਰਾਂ ਵਿਚ
ਮੋਏ ਪੰਛੀਆਂ ਦੀਆਂ ਲਾਵਾਰਸ ਲਾਸ਼ਾਂ ਹਨ
ਹੰਸਾਂ ਦੇ ਕਾਲੇ ਹੋ ਚੁੱਕੇ ਰੰਗਾਂ ਦੀਆਂ ਡਾਰਾਂ ਹਨ
ਖ਼ੁਦਾ ਦੇ ਬੰਦਿਆਂ ਦੇ ਲਹੂ ਦੀਆਂ ਧਾਰਾਂ ਹਨ
ਪ੍ਰਭੂ ਦੇ ਘਰ ਦੇ ਮਲਬਿਆਂ ਦੇ ਢੇਰ ਹਨ
ਵਿਹੜਿਆਂ ਵਿਚ ਪੈ ਰਹੇ ਵੈਣਾਂ ਦੀਆਂ ਹੇਕਾਂ ਹਨ
ਧਰਮ ਅਤੇ ਸਿਆਸਤ ਦੇ ਉਲਝੇ ਹੋਏ ਬੋਲ ਹਨ
ਤ੍ਰਿਸ਼ੂਲ, ਖੰਜਰ ਅਤੇ ਕਿਰਪਾਨਾਂ ਦੇ ਘੋਲ ਹਨ
ਇਹ ਕੈਸਾ ਸੰਗੀਤ, ਕੈਸੀ ਧੁਨ, ਕੈਸੀ ਆਵਾਜ਼ ਹੈ
ਜਿਸ ਵਿਚ ਗ਼ਰਕ ਹੋ ਰਹੀ ਮਨੁੱਖ ਦੀ ਪਰਵਾਜ਼ ਹੈ
ਇਸੇ ਲਈ ਸਾਡੇ ਸਮਿਆਂ ਦੀ ਪੀੜ੍ਹੀ ਹੈਰਾਨ ਹੈ
ਜ੍ਹਿਦੇ ਹੱਥਾਂ ਤੇ ਪੈਰਾਂ ਵਿਚ ਪਲ ਰਿਹਾ ਘਮਸਾਨ ਹੈ।

51, ਦੇਸ਼ ਬੰਧੂ ਸੋਸਾਇਟੀ
ਪਟਪੜ ਗੰਜ-ਦਿੱਲੀ-92

—o—





## ਕਵੀ ਦਾ ਸੱਚ

ਆਈ ਕਵਿੰਗ (ਚੀਨੀ ਕਵੀ)

ਕਵੀ ਨੂੰ ਅਵੱਸ਼ ਹੀ ਸੱਚ ਬੋਲਣਾ ਚਾਹੀਦਾ ਹੈ।

ਕਵੀ ਨੂੰ ਅਵੱਸ਼ ਹੀ ਸੱਚ ਬੋਲਣਾ ਚਾਹੀਦਾ ਹੈ। ਤੁਸਾਂ ਲੋਕਾਂ ਨੂੰ ਕਹਿੰਦੇ ਸੁਣਿਆ ਹੋਣਾ, "ਫਲਾਣੀ ਫਲਾਣੀ ਕਵਿਤਾ ਹਰਮਨ-ਪਿਆਰੀ ਹੈ, ਕਿਉਂਕਿ ਉਸ ਵਿਚ ਉਹ ਕੁਝ ਪ੍ਰਗਟ ਕੀਤਾ ਹੈ, ਜਿਹੜਾ ਲੋਕਾਂ ਦੇ ਦਿਲਾਂ ਵਿਚ ਹੈ।" ਮੇਰਾ ਨਹੀਂ ਖਿਆਲ ਕਿ ਇਸ ਤਰ੍ਹਾਂ ਸਾਰੀ ਗੱਲ ਪ੍ਰਗਟ ਹੁੰਦੀ ਹੈ। ਮੈਂ ਕਹਾਂਗਾ, "ਫਲਾਣੀਆਂ ਫਲਾਣੀਆਂ ਕਵਿਤਾਵਾਂ ਹਰਮਨ-ਪਿਆਰੀਆਂ ਹਨ, ਕਿਉਂਕਿ ਕਵੀ ਸੱਚ ਬੋਲਦਾ ਹੈ, ਸਿੱਧਾ ਆਪਣੇ ਹਿਰਦੇ ਚੋਂ।"

ਹਰ ਕੋਈ ਸੱਚ ਸੁਣਨਾ ਪਸੰਦ ਕਰਦਾ ਹੈ, ਤੇ ਕਵੀ ਸਿਰਫ਼ ਉਹਨਾਂ ਸ਼ਬਦਾਂ ਨਾਲ ਹੀ ਲੋਕਾਂ ਦੇ ਹਿਰਦੇ ਨੂੰ ਛੂਹ ਸਕਦਾ ਹੈ, ਜਿਹੜੇ ਸੁਹਿਰਦ ਹੋਣ। ਉਹ ਲੋਕਾਂ ਨਾਲ ਖਲੋਵੇ, ਉਹਨਾਂ ਦੇ ਪਿਆਰ, ਘਿਰਣਾ, ਦੁੱਖ ਤੇ ਖ਼ੁਸ਼ੀਆਂ ਵਿਚ ਸ਼ਾਮਿਲ ਹੋਵੇ, ਜਦੋਂ ਕਵੀ ਦੀ ਸਿਆਣਪ ਤੇ ਹੌਂਸਲਾ ਲੋਕਾਂ ਚੋਂ ਆਉਂਦਾ ਹੈ, ਤਾਂ ਹੀ ਉਹ ਲੋਕਾਂ ਦਾ ਭਰੋਸਾ ਜਿੱਤ ਸਕਦਾ ਹੈ।

ਲੋਕ ਝੂਠ ਨੂੰ ਪਸੰਦ ਨਹੀਂ ਕਰਦੇ। ਭਾਵੇਂ ਤੁਸੀਂ ਇਸ ਨੂੰ ਕਿੰਨੇ ਵੀ ਮੁਖੌਟੇ ਪਾ ਕੇ ਢੱਕੋ, ਭਾਵੇਂ ਕਿੰਨੇ ਉੱਚੀ ਸੁਰ ਵਾਲੇ ਸ਼ਬਦ ਵਰਤੋ, ਝੂਠ ਲੋਕਾਂ ਦੇ ਹਿਰਦਿਆਂ ਨੂੰ ਛੂਣ ਨਹੀਂ ਸਕਦਾ। ਹਰ ਇਕ ਕੋਲ ਦਿਲ ਵਿਚ ਇਕ ਤੱਕੜੀ ਹੁੰਦੀ ਹੈ, ਜਿਸ ਤੇ ਉਹ ਤੁਹਾਡੇ ਸ਼ਬਦਾਂ ਨੂੰ ਤੋਲਦਾ ਹੈ।

ਕੁਝ ਲੋਕ ਹਨ, ਜਿਹੜੇ ਆਪਣੀ "ਰਾਜਸੀ ਚਤੁਰਾਈ" ਬਾਰੇ ਸ਼ੇਖ਼ੀ ਮਾਰਦੇ ਹਨ। ਉਹ ਹਰ ਵੇਲੇ ਤਾਕਤ ਵਾਲੇ ਲੋਕਾਂ ਦੀ ਮਹਿਮਾਂ ਗਾਉਂਦੇ ਹਨ ਤੇ ਉਹਨਾਂ ਤੇ ਹਮਲੇ ਕਰਦੇ ਹਨ, ਜਿਹਨਾਂ ਕੋਲ ਤਾਕਤ ਨਹੀਂ ਹੁੰਦੀ।

ਅਜੇਹੇ ਲੋਕ 'ਕਵਿਤਾ' ਲਿਖਦੇ ਸਮੇਂ ਆਪਣੀ ਅੱਖ ਮੌਸਮ ਵਿਚ ਆ ਰਹੀਆਂ ਤਬਦੀਲੀਆਂ ਤੇ ਰੱਖਦੇ ਹਨ।

ਪਰ ਅਸੀਂ ਏਨੀ ਤੇਜ਼ੀ ਨਾਲ ਬਦਲ ਰਹੇ ਸੰਸਾਰ ਵਿਚ ਰਹਿ ਰਹੇ ਹਾਂ ਕਿ ਅਜੇਹੇ 'ਕਵੀ' ਸਦਾ ਹੀ ਦੌੜਦੇ ਵਿਖਾਈ ਦਿੰਦੇ ਹਨ, ਇਕ ਸਿਰੇ ਤੋਂ ਦੂਸਰੇ ਸਿਰੇ ਤੀਕ, ਜਿਵੇਂ ਸਰਾਫ਼ਾਂ ਦੇ ਬਾਜ਼ਾਰ ਵਿਚ ਸੱਟੇ ਬਾਜ਼, ਭਾਵੇਂ ਉਹ ਅਸਭਯ ਮਨੁੱਖ ਵਾਲੀ ਤਿਲਕਣ ਬਾਜ਼ੀ ਜਾਣਦੇ ਹੋਣ, ਫੇਰ ਵੀ ਉਹ ਗ਼ਲਤ ਘੋੜੇ ਤੇ ਸ਼ਰਤਾਂ ਲਾਉਣ ਬਿਨਾਂ ਰਹਿ ਨਹੀਂ ਸਕਦੇ।

'ਰਾਜਸੀ ਚਤੁਰਾਈ', ਨਿਰਸੰਦੇਹ ਅਵੱਸ਼ਕ ਹੈ, ਜਿੰਨੀ ਤਿੱਖੀ ਹੋਵੇ, ਵਧੀਆ ਗੱਲ ਹੈ, ਪਰ ਇਹ ਲੋਕਾਂ ਦੀ ਮਰਜ਼ੀ ਦੇ ਅਨੁਕੂਲ ਹੋਵੇ। ਜੇ ਕੋਈ ਸਵਾਰਥੀ ਤੇ ਹਉਮੈਂਵਾਦੀ ਸੋਚਾਂ ਦੇ ਆਸਰੇ ਤੁਰਦਾ ਹੈ, ਤਾਂ ਉਹ ਕਦੇ ਵੀ ਅਸਲੀ ਚੀਜ਼ ਨੂੰ ਸੁੰਘ ਨਹੀਂ ਸਕਦਾ।

ਇਸ ਦਾ ਅਰਥ ਇਹ ਹੈ ਕਿ ਕਵੀ ਦੀ ਸੰਵੇਦਨਾ, ਲੋਕਾਂ ਦੀ ਸੰਵੇਦਨਾ ਨਾਲ ਇਕਸੁਰ ਹੋਵੇ ਤੇ ਉਸ ਕੋਲ ਲੋਕਾਂ ਦੀ ਰਾਜਸੀ ਲੋਚਾ ਹੋਵੇ।

'ਤੂੜੀ ਨਾਲ ਭਰੀ ਗੁੱਡੀ' ਇਕ ਖਿਡੌਣਾ ਹੁੰਦਾ ਹੈ, ਜਿਹੜਾ ਮਨੁੱਖੀ ਵਿਹਾਰ ਲਈ ਉਦਾਹਰਣ ਨਹੀਂ ਬਣ ਸਕਦਾ।

ਕੋਈ ਵੀ ਹਰ ਚੀਜ਼ ਨਾਲ ਉਕਸਾਹਟ ਵਿਚ ਨਹੀਂ ਆ ਸਕਦਾ। ਇਕ ਟਿੱਡੇ ਨੂੰ ਵੀ ਪਤਾ ਹੈ ਕਿ ਕਦੋਂ ਜੋਸ਼ ਵਿਚ ਆਉਣਾ ਹੈ।

ਕੁਝ ਲੋਕ ਹਨ, ਜਿਹੜੇ ਸੋਚਦੇ ਹਨ ਕਿ ਤੁਹਾਨੂੰ ਕਵਿਤਾ ਲਿਖਣ ਲਈ "ਪ੍ਰੇਰਣਾ" ਦੀ ਲੋੜ ਨਹੀਂ। ਸ਼ਾਇਦ ਇਹ ਉਹ ਲੋਕ ਹਨ, ਜਿਹੜੇ ਮਸਨੂਈ ਟੀਕਿਆਂ ਦੀ ਵਕਾਲਤ ਕਰਦੇ ਹਨ, ਪਰ ਉਹ ਕਵੀ ਨਹੀਂ ਬਣ ਸਕਦੇ।

ਜਿਹੜੇ ਲੋਕ ਸੋਚਦੇ ਹਨ, ਕਿ ਜਿਸ ਚੀਜ਼ ਨੂੰ ਉਹ ਸਮਝਦੇ ਨਹੀਂ, ਜਾਂ ਜਿਸ ਦੀ ਉਹ ਵਿਆਖਿਆ ਨਹੀਂ ਕਰ ਸਕਦੇ, ਉਸ ਚੀਜ਼ ਦੀ ਕੋਈ ਹੋਂਦ ਹੀ ਨਹੀਂ, ਜਾਂ ਇਹ ਗੈਰ-ਵਿਗਿਆਨਕ ਗੱਲ ਹੈ। ਅਜੇਹੇ ਲੋਕ ਘੋਗਿਆਂ ਵਿਚ ਕੀੜਿਆਂ ਦਾ ਜੀਵਨ ਬਸਰ ਕਰਦੇ ਹਨ।

ਬਾਹਰਮੁਖੀ ਜਗਤ ਨਿਰੰਤਰ ਬਦਲਦਾ ਹੈ, ਕਦੇ ਮੀਂਹ ਪੈਂਦਾ ਹੈ, ਕਦੇ ਹਨੇਰੀ ਚੱਲਦੀ ਹੈ। ਲੋਕੀਂ ਵੀ ਪ੍ਰਭਾਵਤ ਹੁੰਦੇ ਹਨ, ਕਦੇ ਖ਼ੁਸ਼ੀ ਤੋਂ, ਕਦੇ ਦੁੱਖ ਤੋਂ।

"ਪ੍ਰੇਰਨਾ", ਜੇ ਅਸੀਂ ਇਸ ਨੂੰ ਇੰਝ ਆਖਣਾ ਹੈ, ਹੋਰ ਕੁਝ ਨਹੀਂ, ਸਿਵਾਏ ਇਸ ਤੋਂ ਕਿ ਕਵੀ ਕਿਸੇ ਚੀਜ਼ ਬਾਰੇ ਨਵੇਂ ਢੰਗ ਨਾਲ ਹੁੰਗਾਰਾ ਭਰਦਾ ਹੈ। ਇਹ ਅਚਨਚੇਤ ਜਜ਼ਬਾ ਹੈ, ਝਲਕਾਰਾ, ਜਾਂ ਚਿੰਗਾਰੀ, ਜਿਹੜੀ ਦਿਲ ਨੂੰ ਛਿਣ ਭਰ ਲਈ ਰੌਸ਼ਨ ਕਰ ਦਿੰਦੀ ਹੈ।

ਕਥਿਤ "ਪ੍ਰੇਰਨਾ" ਕਵੀ ਦੇ ਅੰਤਰਮੁੱਖੀ ਸੰਸਾਰ ਦਾ ਬਾਹਰਮੁੱਖੀ ਯਥਾਰਥ ਪ੍ਰਤੀ ਸਭ ਤੋਂ ਖੁਸ਼ੀ ਭਰਿਆ ਹੁੰਗਾਰਾ ਹੈ। ਇਹ ਕਵੀ ਦੀ ਸਭ ਤੋਂ ਪਿਆਰੀ ਮਿੱਤਰ ਹੈ। ਪ੍ਰੇਰਨਾ ਨੂੰ ਅੰਤਰਮੁੱਖਤਾ ਦੇ ਰੇਗਿਸਤਾਨਾਂ ਵਿਚ ਦੇਸ਼-ਨਿਕਾਲਾ ਕਿਉਂ ਦਿੰਦੇ ਹੋ?

ਵੱਖਰੀ ਰਾਏ ਤੋਂ ਬਿਨਾਂ ਵਿਰੋਧਤਾਈ ਨਹੀਂ ਜਨਮਦੀ। ਹਰ ਗੱਲ ਤੇ ਜੋਸ਼ ਵਿਚ ਆਉਣ ਦਾ ਅਰਥ ਹੈ ਕਿਸੇ ਗੱਲ ਬਾਰੇ ਵੀ ਜੋਸ਼ ਵਿਚ ਨਾ ਆਉਣ।

ਕਵੀ ਆਪਣੀਆਂ ਭਾਵਨਾਵਾਂ ਪ੍ਰਤੀ ਸੱਚਾ ਹੋਵੇ। ਭਾਵਨਾਵਾਂ ਬਾਹਰਲੇ ਜਗਤ ਪ੍ਰਤੀ ਉਸਦੀ ਪ੍ਰਤੀਕਿਰਿਆ ਹੈ।

ਹਰ ਕਵਿਤਾ ਕਵੀ ਦੇ ਆਪੇ ਬਾਰੇ ਨਹੀਂ ਹੁੰਦੀ, ਪਰ ਹਰ ਕਵਿਤਾ ਲਿਖੀ ਤਾਂ ਕਵੀ ਵਲੋਂ ਜਾਂਦੀ ਹੈ, ਤੇ ਇਸ ਦਾ ਅਰਥ ਹੈ ਕਿ ਇਹ ਉਸ ਦੇ ਹਿਰਦੇ ਚੋਂ ਨਿਕਲਦੀ ਹੈ।

ਜਦੋਂ ਕੋਈ ਉਕਸਾਹਟ ਨਾ ਹੋਵੇ, ਤਾਂ ਵੀ ਜੋਸ਼ ਵਿਚ ਆਏ ਰਹਿਣ ਦਾ ਅਰਥ ਹੈ ਕਿ ਤੁਸੀਂ ਝੂਠ ਬੋਲਣਾ ਸਿੱਖ ਰਹੇ ਹੋ। ਜੇ ਕੋਈ ਕਵੀ ਲਿਖਣ ਵੇਲੇ ਕਿਸੇ ਗੱਲ ਤੋਂ ਪ੍ਰੇਰਤ ਨਹੀਂ ਹੁੰਦਾ, ਤਾਂ ਉਹ ਦੂਸਰਿਆਂ ਦੀਆਂ ਭਾਵਨਾਵਾਂ ਨੂੰ ਟੁੰਬ ਨਹੀਂ ਸਕਦਾ।

ਨਿਰਸੰਦੇਹ, ਸੱਚ ਬੋਲਣ ਨਾਲ ਮੁਸ਼ਕਲ ਆ ਸਕਦੀ ਹੈ, ਜਾਂ ਖ਼ਤਰਾ ਵੀ ਹੋ ਸਕਦਾ ਹੈ, ਪਰ ਜੇ ਤੁਸੀਂ ਕਵਿਤਾ ਲਿਖਣੀ ਚਾਹੁੰਦੇ ਹੋ ਤਾਂ ਤੁਸੀਂ ਝੂਠ ਬੋਲ ਕੇ, ਆਪਣੀ ਆਤਮਾ ਦੀ ਕੀਮਤ ਤੇ ਇਸ ਤਰ੍ਹਾਂ ਨਾ ਕਰੋ। ○



ਇਕ ਫਲਿਸਤੀਨੀ ਕਵਿਤਾ

## ਯੇਰੋਸ਼ਲੰਮ ਮੇਰੀਆਂ ਅੱਖਾਂ ਵਿੱਚ ਹੈ

ਰਸ਼ੀਦ ਹੁਸੈਨ

ਤੇਰੀਆਂ ਅੱਖਾਂ ਦਾ ਰੰਗ ਖ਼ਜੂਰ ਵਰਗਾ ਹੈ
ਉਹਨਾਂ ਦਾ ਰੰਗ ਅੰਗੂਰਾਂ ਦੀ ਸ਼ਰਾਬ ਜਿਹਾ ਹੈ
ਤੇਰੀਆਂ ਅੱਖਾਂ ਦਾ ਰੰਗ
ਯੇਰੋਸ਼ਲੰਮ ਲਈ ਮੇਰੇ ਪਿਆਰ ਵਰਗਾ ਹੈ
ਉਹ ਬਹੁਤ ਕੀਮਤੀ ਹਨ
ਹਜ਼ਾਰ ਦਰਜੇ ਕੀਮਤੀ।

ਤੇਰੀਆਂ ਅੱਖਾਂ ਦੇ ਰੰਗ ਵਿਚਲਾ ਜ਼ਖ਼ਮ ਮੇਰੀ ਕਵਿਤਾ ਵਰਗਾ ਹੈ
ਮੇਰੇ ਪਿਆਰ ਜਿੰਨਾ ਡੂੰਘਾ
ਮੇਰੀ ਜਲਾਵਤਨੀ ਜਿੰਨਾ ਲੰਮਾ

ਤੇਰੀਆਂ ਅੱਖਾਂ ਦਾ ਰੰਗ ਮੇਰੇ ਪਿਤਾ ਵਰਗਾ ਹੈ
ਜਿਹੜਾ ਅਨਾਰ ਤੇ ਅੰਜੀਰ ਦੇ ਰੁੱਖ ਲਾਉਂਦਾ ਸੀ
ਤੇ ਆਖਦਾ ਸੀ;
"ਰੁੱਖ ਲਾਓ, ਜਿਹੜਾ ਰੁੱਖ ਤੁਸੀਂ ਲਾਉਂਦੇ ਹੋ
ਜੀਊਂਦਾ ਰਹਿੰਦਾ ਹੈ।"
ਤੇ ਗਾਉਂਦਾ ਸੀ, ਯਾ ਇਲਾਹੀ, ਯਾ ਅੱਲ੍ਹਾ"
ਤੇਰੀਆਂ ਅੱਖਾਂ ਦਾ ਰੰਗ,
ਆਪਣੇ ਬੰਦਿਆਂ ਤੋਂ ਬਗ਼ੈਰ 'ਸਲਾਦੀਨ' ਵਰਗਾ ਹੈ
ਤੇਰੀਆਂ ਅੱਖਾਂ ਦਾ ਰੰਗ, ਤਸੀਹੇ ਝੱਲਦੇ
ਮਨੁੱਖਾਂ ਦੀ ਉਪਮਾ ਵਰਗਾ ਹੈ।

ਇਹਨਾਂ ਦਾ ਰੰਗ ਫਸਲ ਵਰਗਾ ਹੈ
ਨਵੀਂ ਵੱਢੀ ਕਣਕ ਵਰਗਾ
ਤੇਰੀਆਂ ਅੱਖਾਂ ਦਾ ਰੰਗ,
ਜਲਾਵਤਨੀ ਕੱਟ ਰਹੇ ਮੇਰੇ ਵਤਨ
ਦੇ ਸੰਘਰਸ਼ ਵਰਗਾ ਹੈ।

ਤੇਰੀਆਂ ਅੱਖਾਂ ਵਿਚਲੇ ਧੀਰਜ ਦਾ ਰੰਗ
ਮੇਰੀ ਮਾਂ ਵਰਗਾ ਹੈ
ਮੇਰੇ ਚਸ਼ਮਾਂ ਜਿੰਨਾ ਉਦਾਰ-ਚਿੱਤ
ਮੇਰੇ ਦੁਰਾਡੇ ਉਦੇਸ਼ ਜਿੰਨਾ ਕਾਬਿਲ

ਤੇਰੀਆਂ ਅੱਖਾਂ ਦਾ ਰੰਗ ਘੁੱਗੀ ਵਰਗਾ ਹੈ
ਇਹ ਮੇਰੇ ਸੰਗਰਾਮ ਦੇ ਉਕਾਬ ਹਨ। ○

## ਨਜ਼ਮ/ਮਦਨ ਵੀਰਾ

ਸੁਲਘਦੇ ਦਾਵਾਨਲ ਦਾ
ਜੇ ਅਜੇ ਵਿਸਫੋਟ ਨਹੀਂ ਹੋਇਆ
ਤਾਂ ਸਮਝੀਂ ਨਾ ਕਿ ਦਾਵਾਨਲ
ਹੁਣ ਸ਼ਾਂਤ ਹੋ ਚੁੱਕਾ ਹੈ
ਇਹ ਚੰਦਰੀ ਚਾਕਰੀ ਪਰਵਾਜ਼ ਪੰਛੀ ਦੀ
ਵਕਤੀ ਜਿਹਾ ਰੋਕ ਸਕਦੀ ਹੈ
ਮਾੜਾ ਜਿਹਾ ਟੋਕ ਸਕਦੀ ਹੈ
ਪਰ ਆਵਾਜ਼ ਨੂੰ ਰੋਕੇ
ਕੰਧਾਂ ਵਿਚ ਦਮ ਨਹੀਂ ਏਨਾ
ਤੇ ਉਂਝ ਵੀ ਵਰਕ ਚਾਂਦੀ ਦਾ
ਕਦੋਂ ਤੱਕ ਰੋਕ ਸਕਦਾ ਹੈ
ਰੋਹ ਦੀ ਭਾਫ਼ ਤਾਂ
ਹਿੱਕਾਂ ਨੂੰ ਚੀਰ ਬਾਹਰ ਆਏਗੀ ।

ਸਹਾਇਕ ਸੰਪਾਦਕ, ਨੈਸ਼ਨਲ ਬੁੱਕ ਟਰੱਸਟ-ਦਿੱਲੀ

## ਗ਼ਜ਼ਲ/ਬਾਬਾ ਨਜਮੀਂ (ਪਾਕਿਸਤਾਨ)

ਰਾਹ ਮੰਜ਼ਲ ਦਾ ਡੱਕੀ ਬੈਠੇ ਜਿਹੜੇ ਸੱਪ
ਦੱਬਾਂਗਾ ਉਹ ਮਾਰ ਕੇ ਆਪਣੇ ਵਿਹੜੇ ਸੱਪ

ਸ਼ਹਿਰ ਦੀਆਂ ਸੜਕਾਂ ਤੇ ਨੀਲਾ ਹੋਇਆ ਵਾਂ
ਚੁੱਕੀ ਫਿਰਦਾ ਜੋਗੀ ਖੌਰੇ ਕਿਹੜੇ ਸੱਪ

ਸਾਹ ਨਾ ਟੁੱਟਦਾ ਕਦੇ ਵੀ ਉਹਦੀ ਵੰਝਲੀ ਦਾ
ਇਨਸਾਨਾਂ ਤੋਂ ਜੇ ਨਾ ਬਣਦੇ ਖੇੜੇ ਸੱਪ

ਇਹਨਾਂ ਦਾ ਰੱਬ ਕਿਹੜਾ, ਦੱਸੋ ਜੀਭਾਂ ਤੇ
ਟੁੱਕਰ ਲਈ ਲੜਵਾਉਂਦੇ ਪਏ ਨੇ ਜਿਹੜੇ ਸੱਪ

ਨਾਲ ਸੁਰਾਂ ਦੇ ਕੀਲ ਜੇ 'ਬਾਬਾ' ਸੱਪਾਂ ਨੂੰ
ਬੀਨਾਂ ਦੇ ਫਿਰ ਕਿਓਂ ਨਈਂ ਲਾਉਂਦੇ ਗੇੜੇ ਸੱਪ

—O—





## ਛਿੱਕਲੀ

ਗੁਰਬਖਸ਼ ਸਿੰਘ ਭੰਡਾਲ

ਮੈਂ ਫਲਾਹੀ ਵਾਲੇ ਖੂਹ ਉੱਤੇ ਤੂਤ ਦੀ ਲਗਰ ਨਾਲ ਟੰਗੀ ਛਿੱਕਲੀ ਸਾਂ ।
ਜੋ ਅਕਸਰ ਵਹਿੜਕੇ ਦੇ ਮੂੰਹ ਤੇ ਬੱਧੀ ਜਾਂਦੀ ਸਾਂ

ਤਾਂ ਕਿ
ਹੱਲ ਵਾਹੁੰਦੇ ਬਿਗਾਨੀਆਂ ਫਸਲਾਂ ਦਾ ਬੁਰਕ ਨਾ ਭਰੇ ।

ਪਰ ਹੈਰਾਨ ਹਾਂ ਕਿ,

ਸਮੇਂ ਦੇ ਅਹਿਲਕਾਰਾਂ,

ਹੁਣ ਮੈਨੂੰ ਹਰ ਉਸ ਸ਼ਖਸ਼ ਦੇ ਮੂੰਹ 'ਤੇ ਸਜਾ ਦਿੱਤਾ ਹੈ
ਜੋ ਤਨ ਤੇ ਮਨ ਦੀ ਭੱਠੀ ਦੇ ਬਾਲਣ ਲਈ ਠੁੱਠਰਦਾ ਹੈ ।
ਜੋ ਜਿਸਮ 'ਤੇ ਰੇਖਾਵਾਂ ਵਾਹੁੰਦੀਆਂ ਲੀਰਾਂ ਬਾਰੇ ਬੋਲਦਾ ਹੈ ।
ਜੋ ਗਿਣਵੇਂ ਸਾਹਾਂ ਲਈ ਸਹਿਕਦਾ ਹੈ ।
ਜੋ ਸਿਸਕਦੀ ਜੀਵਨ-ਜੋਤ ਲਈ ਵਿਲਕਦਾ ਹੈ ।
ਜੋ ਵਖਤਾਂ ਦੀ ਕੈਦ ਹੰਢਾਉਂਦੇ, ਚੌਗਿਉਂ ਵਿਰਵੇ ਬੋਟਾਂ ਲਈ ਤੜਫਦਾ ਹੈ ।
ਜੋ ਦਫਨ ਹੋ ਚੁੱਕੇ ਹੱਕਾਂ ਦੀ ਗੱਲ ਕਰਦਾ ਹੈ ।
ਜੋ ਪੂੰਝੇ ਸੰਧੂਰਾਂ ਤੇ ਟੁੱਟੀਆਂ ਵੰਗਾਂ ਦੀ ਜੂਨ ਹੰਢਾਉਂਦਾ ਹੈ ।
ਜੋ ਕੁੱਬੀਆਂ ਹੋਈਆਂ ਡੰਗੋਰੀਆਂ ਦੀ ਹੂਕ ਦਾ ਸਿੱਕਾ ਕੰਨੀਂ ਢਲਵਾਉਂਦਾ ਹੈ ।
ਜੋ ਵਿਲਕਦੇ ਚਾਵਾਂ ਦੀ ਅਰਥੀ ਮੋਢੇ ਸਲਾਉਂਦਾ ਹੈ ।

ਸੱਚੀਂ !
ਸਮੇਂ ਦੇ ਹਾਕਮਾਂ,
ਮੈਨੂੰ ਕਿੱਥੋਂ ਦਾ, ਕਿੱਥੇ ਪਹੁੰਚਾ ਦਿੱਤਾ ਹੈ !

7, ਪ੍ਰੋਫੈਸਰ ਕਾਲੋਨੀ,
ਕਪੂਰਥਲਾ-144601

—O—

## ਖ਼ਲਾਅ 'ਚ ਤਰਦਾ ਚਿਹਰਾ (ਜਸਬੀਰ ਕਾਲਰਵੀ)

**ਖ਼ਲਾਅ 'ਚ ਤਰਦਾ ਚਿਹਰਾ** ਜਸਬੀਰ ਕਾਲਰਵੀ ਦਾ ਪਹਿਲਾ ਕਾਵਿ ਸੰਗ੍ਰਹਿ ਹੈ। ਇਸ ਸੰਗ੍ਰਹਿ ਵਿਚ 48 ਨਜ਼ਮਾਂ ਅਤੇ 12 ਗ਼ਜ਼ਲਾਂ ਸ਼ਾਮਿਲ ਹਨ। ਪੁਸਤਕ ਦੀ ਠੁੱਕਦਾਰ ਭੂਮਿਕਾ ਡਾ. ਕਰਮਜੀਤ ਸਿੰਘ ਨੇ ਲਿਖੀ ਹੈ ਅਤੇ ਪੁਸਤਕ ਦੇ ਪਿਛਲੇ ਪੰਨੇ ਤੇ ਗੁਰਬਖਸ਼ ਜੱਸ, ਪਾਲ ਕੌਰ ਦੀਆਂ ਟਿੱਪਣੀਆਂ ਦਰਜ ਹਨ ਅਤੇ ਨਾਲ ਹੀ ਕੁਲਤਾਰ ਸਿੰਘ ਕੁਲਤਾਰ ਦੀ ਇਕ ਤਾਰੀਫ਼ੀ ਰੁਬਾਈ ਵੀ ਸ਼ਾਮਿਲ ਹੈ। ਪੁਸਤਕ ਦੀ ਭੂਮਿਕਾ ਅਤੇ ਦੂਸਰੇ ਸੱਜਣਾਂ ਦੀ ਰਾਇ ਮੁਤਾਬਿਕ ਸ਼ਾਇਰ ਵਿਚ ਅਸੀਮ ਸੰਭਾਵਨਾਵਾਂ ਹਨ ਅਤੇ "ਉਸਦੀ ਹਰ ਕਵਿਤਾ ਵਿਚ ਇੰਨੀ ਗੰਭੀਰਤਾ ਹੈ ਜੋ ਪ੍ਰੌੜ ਲੇਖਕਾਂ ਵਿਚ ਵੀ ਪ੍ਰਾਪਤ ਨਹੀਂ ਹੁੰਦੀ।" ਟਿੱਪਣੀਕਾਰਾਂ ਨੂੰ "ਵੱਖਰੇ ਅੰਦਾਜ਼" ਵਾਲੀ ਇਸ ਸ਼ਾਇਰੀ ਵਿਚੋਂ ਦਾਰਸ਼ਨਿਕ ਗੰਭੀਰਤਾ ਤਾਂ ਪ੍ਰਾਪਤ ਹੋਈ ਹੀ ਹੈ ਨਾਲ ਹੀ ਨਾਲ ਇਹ ਨਜ਼ਮਾਂ "ਸਮਕਾਲੀ ਹਾਲਾਤਾਂ ਨਾਲ ਸੰਵਾਦ ਕਰਦੀਆਂ ਵੀ ਨਜ਼ਰ ਆਉਂਦੀਆਂ ਹਨ।" ਪੁਸਤਕ ਦੇ ਅੱਗੇ-ਪਿੱਛੇ ਏਨੀਆਂ ਤਾਰੀਫ਼ੀ ਟਿੱਪਣੀਆਂ ਤੇ ਵਿਸ਼ੇਸ਼ਣਾਂ ਦੀ ਵਰਤੋਂ ਹੋ ਚੁੱਕੀ ਹੈ ਕਿ ਹੋਰ ਵਿਸ਼ੇਸ਼ਣਾਂ ਦੀ ਵਰਤੋਂ ਇਸ ਨਵੇਂ ਸ਼ਾਇਰ ਦੀ ਹੌਂਸਲਾ ਅਫ਼ਜ਼ਾਈ ਦੀ ਜਗ੍ਹਾ ਇਸ ਉੱਪਰ ਉਲਟਾ ਅਸਰ ਪਾ ਸਕਦੀ ਹੈ।

ਜਸਬੀਰ ਕਾਲਰਵੀ ਦੀ ਆਪਣੀ ਰਾਇ ਮੁਤਾਬਿਕ ਇਹ "ਕਵਿਤਾ ਬਾਹਰਮੁਖੀ ਹੁੰਦੇ ਹੋਏ ਵੀ ਅੰਦਰ ਵੱਲ ਪੰਛੀ ਉਡਾਰੀ ਹੈ ਅਤੇ ਅੰਤਰਮੁਖੀ ਹੁੰਦੇ ਹੋਏ ਵੀ ਬਾਹਰਮੁਖੀ ਸੋਚ ਦਾ ਪ੍ਰਗਟਾਵਾ ਕਰਦੀ ਹੈ।" ਯਾਨੀ ਉਹ ਅੰਤਰਮੁਖਤਾ ਅਤੇ ਬਾਹਰਮੁਖਤਾ ਦੇ ਸੁਮੇਲ ਦੀ ਗੱਲ ਕਰਦਾ ਹੈ। ਮੈਨੂੰ ਇਹ ਸੁਮੇਲ ਉਸਦੀ ਸਮੁੱਚੀ ਰਚਨਾ ਵਿਚੋਂ ਤਾਂ ਨਹੀਂ ਮਿਲਿਆ ਸਗੋਂ ਕੁਝ ਨਜ਼ਮਾਂ ਦੀਆਂ ਕੁਝ ਪੰਗਤੀਆਂ ਅਤੇ ਕੁਝ ਸ਼ਿਅਰਾਂ ਵਿਚੋਂ ਜ਼ਰੂਰ ਪ੍ਰਾਪਤ ਹੋਇਆ ਹੈ। ਇਹ ਨਜ਼ਮਾਂ ਹਨ "ਮਜ਼ਦੂਰ", "ਆਜ਼ਾਦੀ", "ਵੋਟਾਂ ਦੇ ਵਣਜਾਰੇ", "ਕੰਧ ਤੇ ਬੈਠੀ ਮਾਂ", "ਅਰਦਾਸ", "ਗਿਲਾ"। ਉਸਦੀ ਨਜ਼ਮਾਂ ਵਿਚ ਵਰਤਮਾਨ ਭ੍ਰਿਸ਼ਟ ਰਾਜਨੀਤਕ ਪ੍ਰਬੰਧ ਪ੍ਰਤੀ ਘ੍ਰਿਣਾ ਹੈ, ਇਸ ਨੂੰ ਬਦਲਣ ਲਈ ਰੋਹ ਹੈ ਅਤੇ ਭਵਿੱਖ ਦਾ ਸੁਪਨਾ ਹੈ। ਉਸਦੀ ਸ਼ਾਇਰੀ ਸੰਪਰਦਾਇਕਤਾ ਅਤੇ ਰੰਗ, ਜ਼ਾਤ, ਨਸਲ, ਮਜ਼੍ਹਬ ਦੇ ਭੇਦਾਂ ਤੋਂ ਉੱਪਰ ਵਿਚਰਦੀ ਹੈ। ਇਨ੍ਹਾਂ ਭਿੰਨ-ਭੇਦਾਂ ਤੋਂ ਉੱਪਰ ਵਿਚਰਦੀ ਹੋਈ ਇਹ ਰਹੱਸ ਦੀ ਬੁੱਕਲ ਵਿਚ ਨਹੀਂ ਵੜਦੀ ਸਗੋਂ ਇਸ ਧਰਤੀ ਦੇ ਲੁੱਟੇ-ਲਿਤਾੜੇ ਲੋਕਾਂ ਦੇ ਅੰਗ ਸੰਗ ਵਿਚਰਦੀ ਹੈ। ਕਿਧਰੇ ਸ਼ਾਇਰ ਵਰਤਮਾਨ ਢਾਂਚੇ ਪ੍ਰਤੀ ਟਿੱਪਣੀਆਂ ਦੀ ਸ਼ਕਲ ਵਿਚ ਆਪਣੀ ਅਸੰਤੁਸ਼ਟੀ ਦਾ ਇਜ਼ਹਾਰ ਕਰਦਾ ਹੈ ਅਤੇ ਕਿਧਰੇ-ਕਿਧਰੇ ਕਾਵਿ-ਬਿੰਬਾਂ ਰਾਹੀਂ ਆਪਣੇ ਅਨੁਭਵ ਨੂੰ ਮੂਰਤੀਮਾਨ ਕਰਦਾ ਹੈ। ਉਕਤ ਵਰਣਿਤ ਨਜ਼ਮਾਂ ਵਿਚ ਕਈ ਥਾਂ ਉਸਦਾ ਅਨੁਭਵ ਕਾਵਿ-ਬਿੰਬਾਂ ਵਿਚ ਢਲਦਾ ਹੈ। ਕਥਨ-ਸ਼ੈਲੀ ਵਿਚ ਲਿਖੀਆਂ ਉਸਦੀਆਂ ਬਹੁਤ ਸਾਰੀਆਂ ਨਜ਼ਮਾਂ ਇਕ ਧਰਤੀ ਅਤੇ ਉੱਚੀ ਸੁਰ ਵਾਲੀਆਂ ਵੀ ਹਨ। ਮਿਸਾਲ ਵਜੋਂ "ਸ਼ਾਇਰ ਦੀ ਪਰਿਭਾਸ਼ਾ, "ਜੀਵਨ", "ਪ੍ਰਮਾਤਮਾ", "ਓਸ਼ੋ ਨੂੰ", "ਚਿੱਤਰਕਾਰ ਸੋਭਾ



ਸਿੰਘ", "ਜਸਬੀਰ ਕਾਲਰਵੀ ਨੂੰ" ਆਦਿ ਨਜ਼ਮਾਂ ਨਜ਼ਮ ਦੇ ਚੌਖਟੇ ਵਿਚ ਢਲੀਆਂ ਹੋਈਆਂ ਪ੍ਰਤੀਤ ਨਹੀਂ ਹੁੰਦੀਆਂ।

**ਖ਼ਲਾਅ 'ਚ ਵਿਚਰਦਾ ਚਿਹਰਾ** ਵਿਚ ਲੇਖਕ ਦਾ ਦ੍ਰਿਸ਼ਟੀਕੋਣ ਮਾਨਵਵਾਦੀ ਹੈ। ਉਸਦੀ ਨਜ਼ਮ ਆਮ ਕਰਕੇ ਲੁੱਟੀ-ਲਿਤਾੜੀ ਧਿਰ ਦੇ ਨਾਲ ਖਲੋਂਦੀ ਹੈ। ਸਿੱਧੇ ਸੰਬੋਧਨਾਂ ਨਾਲ ਇਹ ਨਜ਼ਮ ਲੋਟੂ ਸ਼੍ਰੇਣੀ ਪ੍ਰਤੀ ਆਪਣੇ ਰੋਹ-ਵਿਦਰੋਹ ਨੂੰ ਉਭਾਰਦੀ ਹੈ। ਮਿਸਾਲ ਵਜੋਂ "ਮਜ਼ਦੂਰ" ਨਜ਼ਮ ਵਿਚ ਉਹ ਲਿਖਦਾ ਹੈ :

ਸਾਡੇ ਪਾਟੇ ਕੁਰਤਿਆਂ 'ਚੋਂ
ਡੌਲੇ ਝਾਕਦੇ ਹਨ—
ਮਹਿੰਗਾਈ ਦਾ ਕੱਦ ਨਾਪਣ ਲਈ
ਤੇ ਕਦੀ ਕਦੀ ਉਹ ਫਾਸਲਾ
ਜੋ ਸਾਡੇ ਹੱਥਾਂ ਤੋਂ ਦਿੱਲੀ ਦੀ ਧੌਣ ਤੱਕ ਹੈ—
ਪਰ ਅਸੀਂ ਖੁਸ਼ ਹਾਂ, ਸਿਆਸਤਦਾਨੋ—
ਕਿ ਲੂੰਬੜੀਆਂ ਹੁਣ ਜੰਗਲਾਂ 'ਚ ਨਹੀਂ
ਰਾਜਧਾਨੀ 'ਚ ਵੱਸ ਗਈਆਂ ਹਨ। (ਪੰਨਾ 21)

ਇਹ ਨਜ਼ਮ ਰਵਾਇਤਾਂ, ਬਣੇ ਬਣਾਏ ਚੌਖਟਿਆਂ (ਚਾਹੇ ਉਨ੍ਹਾਂ ਦਾ ਸੰਬੰਧ ਧਰਮ ਨਾਲ ਹੋਵੇ, ਰਾਜਨੀਤੀ ਨਾਲ ਜਾਂ ਰੰਗ ਨਸਲ ਨਾਲ) ਨੂੰ ਨਾਕਬੂਲ ਕਰਦੀ ਹੈ। ਇਨ੍ਹਾਂ ਰਵਾਇਤਾਂ ਅਤੇ ਬਣੇ ਬਣਾਏ ਚੌਖਟਿਆਂ ਵਿਚ ਸਾਧਾਰਣ ਮਨੁੱਖ ਨੂੰ ਜਕੜਣ ਪਿੱਛੇ ਅਜੋਕੀ ਸਾਜ਼ਿਸ਼ੀ ਸਿਆਸਤ ਦਾ ਹੱਥ ਹੈ ਜਿਸ ਸੰਬੰਧੀ ਇਹ ਨਜ਼ਮ ਕਿਧਰੇ ਕਿਧਰੇ ਸੰਕੇਤ ਕਰਦੀ ਹੈ। "ਆਜ਼ਾਦੀ" ਨਜ਼ਮ ਕੋਲ ਮਨੁੱਖ ਨੂੰ ਮਜ਼੍ਹਬ ਅਤੇ ਫਿਰਕਾਪ੍ਰਸਤੀ ਦੀ ਬੁੱਕਲ ਵਿਚੋਂ ਕੱਢ ਕੇ ਇਨਸਾਨ ਬਣਾਉਣ ਦਾ ਸੁਪਨਾ ਹੈ। ਅਤੀਤਮੁਖਤਾ ਤੇ ਪਰੰਪਰਾਵਾਦ ਇਸਨੂੰ ਇਨਸਾਨ-ਪੱਖੀ ਸੋਚ ਲਈ ਮਾਰੂ ਪ੍ਰਤੀਤ ਹੁੰਦਾ ਹੈ। ਇਸ ਨਜ਼ਮ ਵਿਚਲੀਆਂ ਅਰਥ ਭਰਪੂਰ ਟੂਕਾਂ ਹਨ :

ਤੁਹਾਡੀਆਂ ਅੱਖਾਂ 'ਚ ਬੇੜੀਆਂ ਨੇ
ਸਲੋਕਾਂ ਦੀਆਂ—
ਤੁਹਾਡੀ ਜੀਭ ਤੇ
ਸਦੀਆਂ, ਸਦੀਆਂ, ਪਹਿਲਾਂ ਉਕਰੀ
ਅੱਖਰ ਦਰ ਅੱਖਰ ਅਰਦਾਸ ਹੈ
ਤੁਹਾਡੇ ਘਰਾਂ 'ਚ
ਮਜ਼੍ਹਬੀ ਕਿਤਾਬਾਂ ਨੇ
ਆਪਣੀ ਹੀ ਸੋਚ ਨਾਲ ਮੇਲ ਖਾਂਦੇ ਗਰੰਥ ਨੇ। (ਪੰਨਾ 31)

"ਵੋਟਾਂ ਦੇ ਵਣਜਾਰੇ" ਵਿਚ ਭ੍ਰਿਸ਼ਟ, ਮੌਕਾਪ੍ਰਸਤ ਅਤੇ ਲੋਭੀ ਅਖੌਤੀ ਰਾਜਨੀਤਕ ਆਗੂਆਂ ਦੀ ਨਿੰਦਾ ਹੈ ਅਤੇ ਲੋਕਾਂ ਦੇ ਜਾਗਣ ਦਾ ਸੁਪਨਾ। ਗਲਤ ਤੇ ਭ੍ਰਿਸ਼ਟ ਰਾਜਨੀਤਕ

ਪ੍ਰਬੰਧ ਸਦਕਾ ਅੰਦਰੋਂ-ਬਾਹਰੋਂ ਟੁੱਟ ਰਹੇ ਅਜੋਕੇ ਬੇਰੁਜ਼ਗਾਰ ਨੌਜੁਆਨ ਦੇ ਨਕਸ਼ "ਗ਼ਿਲਾ" ਨਜ਼ਮ ਵਿਚੋਂ ਪਛਾਣੇ ਜਾ ਸਕਦੇ ਹਨ। ਇਸ ਨਜ਼ਮ ਪਾਸ ਦਾਇਰਿਆਂ, ਰਵਾਇਤਾਂ ਦੀਆਂ ਜ਼ੰਜ਼ੀਰਾਂ ਤੋਂ ਮਨੁੱਖ ਦੇ ਆਜ਼ਾਦ ਹੋ ਕੇ ਵਿਚਰਣ ਦਾ ਮਾਨਵੀ ਸੁਪਨਾ ਹੈ ਜਿਹੜਾ ਜਿਉਂ ਜਿਉਂ ਲੇਖਕ ਦੀ ਵਿਚਾਰਧਾਰਕ ਸੂਝ ਸਪੱਸ਼ਟ ਹੋਵੇਗੀ ਅਤੇ ਕਾਵਿਕ-ਜੋਗਤਾ ਵਿਚ ਵਾਧਾ ਹੋਵੇਗਾ ਤਿਉਂ ਤਿਉਂ ਵਧੇਰੇ ਨਿੱਖਰਦਾ ਜਾਵੇਗਾ। ਟਿੱਪਣੀਆਂ ਦੀ ਬਜਾਏ ਜੇਕਰ ਇਹ ਸ਼ਾਇਰੀ ਅਨੁਭਵ ਦੀ ਪੇਸ਼ਕਾਰੀ ਨੂੰ ਆਪਣੀ ਜੁਗਤ ਬਣਾਏ ਤਾਂ ਵਧੇਰੇ ਅਸਰਦਾਇਕ ਹੋਵੇਗੀ।

— ਹਰਿਭਜਨ ਸਿੰਘ ਭਾਟੀਆ

## 'ਵਰਤਮਾਨ ਦਾ ਜਨਾਜ਼ਾ'

ਮੋਹਣ ਮਤਿਆਲਵੀ, ਅਮਰਦੀਪ ਗਿੱਲ, ਕਾਦਰ

'ਵਰਤਮਾਨ ਦਾ ਜਨਾਜ਼ਾ' ਤਿੰਨ ਕਵੀਆਂ ਦੀ ਸਾਂਝੀ ਕਾਵਿ-ਕ੍ਰਿਤ ਹੈ। ਇਸ ਕਾਵਿ ਸੰਗ੍ਰਹਿ ਵਿਚ ਕਵਿਤਾਵਾਂ ਅਤੇ ਗੀਤ ਹਨ। ਤਿੰਨੇ ਕਵੀ ਪੇਸ਼ ਰਾਜਨੀਤਕ-ਸਮਾਜਕ ਵਿਵਸਥਾ ਤੋਂ ਸੰਤੁਸ਼ਟ ਹੋਣ ਦੀ ਥਾਂ ਇਸ ਵਿਰੁੱਧ ਬੇਕਿਰਕ ਨਫ਼ਰਤ ਦਾ ਪ੍ਰਗਟਾਵਾ ਕਰਦੇ ਹਨ। ਉਨ੍ਹਾਂ ਨੂੰ ਵਰਤਮਾਨ ਹਾਕਮ ਜਮਾਤਾਂ ਤੇ ਉਨ੍ਹਾਂ ਦੇ ਏਜੰਟਾਂ ਨਾਲ ਘੋਰ ਘ੍ਰਿਣਾ ਹੈ ਜਿਨ੍ਹਾਂ ਨੇ ਲੋਕਾਂ ਦੇ ਦੁੱਖਾਂ ਤਕਲੀਫ਼ਾਂ ਨੂੰ ਘਟਾਉਣ ਦੀ ਥਾਂ ਉਨ੍ਹਾਂ ਵਿਚ ਵਾਧਾ ਕੀਤਾ ਹੈ ਅਤੇ ਜਿਨ੍ਹਾਂ ਨੇ ਧਰਮ ਨਿਰਪੱਖਤਾ ਤੇ ਡਟ ਕੇ ਪਹਿਰਾ ਦੇਣ ਦੀ ਥਾਂ ਧਰਮ ਨੂੰ ਫਿਰਕੂ ਜਨੂੰਨ ਵਿਚ ਬਦਲ ਦਿੱਤਾ ਹੈ। ਇਸ ਲਈ ਇਨ੍ਹਾਂ ਕਵੀਆਂ ਦੀ ਕਵਿਤਾ ਵਿਚ ਅਪ੍ਰਵਾਨਗੀ ਦੀ ਸੁਰ ਭਾਰੂ ਹੈ। ਹਾਕਮਾਂ ਪ੍ਰਤੀ ਘੋਰ ਨਫ਼ਰਤ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਲਈ 'ਵਿਹਲੜਾਂ ਦਾ ਵੱਗ', 'ਡਾਕੂ', 'ਸੂਰ', 'ਨਗੌਰੀ ਸੁਾਨ' ਅਤੇ 'ਬਘਿਆੜ' ਆਦਿ ਪ੍ਰਤੀਕ ਵਰਤੇ ਗਏ ਹਨ। ਹਾਕਮਾਂ ਦੇ ਪਾਖੰਡਾਂ ਅਤੇ ਉਨ੍ਹਾਂ ਦੀਆਂ ਨੀਤੀਆਂ ਦਾ ਪਰਦਾ ਲੀਰੋ-ਲੀਰ ਕਰਦਿਆਂ ਉਨ੍ਹਾਂ ਦੁਆਰਾ ਕੀਤੇ ਵਾਅਦਿਆਂ ਅਤੇ ਦਾਅਵਿਆਂ ਨੂੰ ਟੁੰਡੇ ਦਿਲਾਸਿਆਂ ਨਾਲ ਤਲਨਾਇਆ ਗਿਆ ਹੈ। ਤਿੰਨੇ ਕਵੀ ਜਮਾਤੀ ਵਿਵਸਥਾ ਵਿਚ ਹਾਕਮ ਜ਼ਮਾਤਾਂ ਦੇ ਵਿਵਹਾਰ ਅਤੇ ਲੁੱਟੇ ਜਾਂਦਿਆਂ ਵਿਚ ਪਸਰ ਰਹੇ ਰੋਹ ਦਾ ਜ਼ਿਕਰ ਕਰਦੇ ਹਨ। ਉਹ ਪੂਰਨ ਵਿਸ਼ਵਾਸ਼ ਸਹਿਤ ਹਾਕਮਾਂ ਨਾਲ ਸੰਵਾਦ ਰਚਾਉਂਦੇ ਹਨ ਅਤੇ ਵਿਵਸਥਾ ਨੂੰ ਬਦਲ ਦੇਣਾ ਚਾਹੁੰਦੇ ਹਨ। ਸਮਾਜਕ-ਰਾਜਨੀਤਕ ਪਰਿਵਰਤਨ ਦਾ ਸਵਾਲ ਉਨ੍ਹਾਂ ਦੀਆਂ ਕਵਿਤਾਵਾਂ ਦਾ ਕੇਂਦਰੀ ਨੁਕਤਾ ਹੈ। ਪਰੰਤੂ ਫਿਰ ਵੀ ਉਨ੍ਹਾਂ ਦੇ ਪਹਿਲ-ਪਲੇਠੇ ਕਾਵਿ-ਸੰਗ੍ਰਹਿ ਦਾ ਸਿਰਲੇਖ ਢੁੱਕਵਾਂ ਪ੍ਰਤੀਤ ਨਹੀਂ ਹੁੰਦਾ। ਕਾਰਨ ਇਹ ਹੈ ਕਿ ਸਾਡੀਆਂ ਸਾਰੀਆਂ ਇੱਛਾਵਾਂ ਦੇ ਬਾਵਜੂਦ ਵਰਤਮਾਨ ਵਿਵਸਥਾ ਦਾ ਜਨਾਜ਼ਾ ਅਜੇ ਨਿਕਲਿਆ ਨਹੀਂ ਹੈ। ਇੰਜ ਲੱਗਦਾ ਹੈ ਕਿ ਅਜੇ ਇਸ ਨੇ ਆਪਣੀਆਂ ਸਾਰੀਆਂ ਸੰਭਾਵਨਾਵਾਂ ਪੂਰੀਆਂ ਨਹੀਂ ਕੀਤੀਆਂ। ਜਮਾਤੀ ਸ਼ਕਤੀਆਂ ਦਾ ਸਮਤੋਲ ਸਾਡੀਆਂ ਇੱਛਾਵਾਂ ਅਨੁਸਾਰ ਨਹੀਂ ਬਦਲਦਾ। ਦੂਜੇ, ਵਰਤਮਾਨ ਦਾ ਇਸਦੇ



ਨਿਰਪੇਖ ਰੂਪ ਵਿਚ ਜਨਾਜ਼ਾ ਕੱਢਣਾ ਵੀ ਨਹੀਂ ਚਾਹੀਦਾ। ਕਿਉਂਕਿ ਅਸੀਂ ਅਤੀਤ ਤੋਂ ਵਿਗਿਆਨਕ ਦ੍ਰਿਸ਼ਟੀਕੋਣ ਅਨੁਸਾਰ ਸਿੱਖਦਿਆਂ ਭਵਿੱਖ ਵਿਚ ਡੂੰਘਾ ਵਿਸ਼ਵਾਸ਼ ਰੱਖਣਾ ਹੁੰਦਾ ਹੈ ਅਤੇ ਵਰਤਮਾਨ ਦੀ ਸੁਚੱਜੀ ਵਰਤੋਂ ਕਰਨੀ ਹੁੰਦੀ ਹੈ। ਤੀਜੇ, ਅਸੀਂ ਵੀ ਵਰਤਮਾਨ ਤੋਂ ਬਾਹਰ ਨਹੀਂ ਹਾਂ।

ਵਿਚਾਰਾਧੀਨ ਸੰਗ੍ਰਹਿ ਦੀਆਂ ਕਈ ਕਵਿਤਾਵਾਂ ਪੰਜਾਬ ਦੁਖਾਂਤ ਦੀਆਂ ਕੁਝ ਧਰਤਾਂ ਦਾ ਕਲਾਤਮਕ ਰੂਪਾਂਤਰਣ ਕਰਦੀਆਂ ਹਨ। ਇਨ੍ਹਾਂ ਵਿਚ ਮੁੱਖ ਰੂਪ ਵਿਚ ਫਿਰਕੂ ਹਿੰਸਾ ਕਾਰਨ ਪਸਰੇ ਸਹਿਮ ਅਤੇ ਰਾਜਕੀ ਦਹਿਸ਼ਤ ਦਾ ਚਿਤ੍ਰਣ ਹੋਇਆ ਮਿਲਦਾ ਹੈ। ਤਿੰਨਾਂ ਹੀ ਕਵੀਆਂ ਵਿਚ ਅਗਲੀ ਸਾਂਝੀ ਗੱਲ ਇਹ ਹੈ ਕਿ ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਦੇ ਮਾਧਿਅਮ ਰਾਹੀਂ ਮਾਨਵਵਾਦੀ ਕਦਰਾਂ-ਕੀਮਤਾਂ ਦਾ ਸਾਰਥਕ ਸੁਨੇਹਾ ਦਿੱਤਾ ਹੈ। ਨਿੱਕੀਆਂ ਮੋਟੀਆਂ ਵਿਚਾਰਧਾਰਕ ਉਕਾਈਆਂ ਤੋਂ ਛੁੱਟ ਇਹ ਕਵਿਤਾਵਾਂ ਯਥਾਰਥ ਚਿਤ੍ਰਣ ਕਰਦਿਆਂ ਵਿਦਰੋਹੀ ਸੁਰ ਦੀਆਂ ਵਾਹਕ ਹਨ। ਛੰਦ ਮੁਕਤ ਇਹਨਾਂ ਕਵਿਤਾਵਾਂ ਵਿਚਲੀ ਰਵਾਨੀ ਤੇ ਲੈਆਤਮਕਤਾ ਵਿਚਾਰਾਂ ਤੇ ਭਾਵਾਂ ਦੀ ਤੀਖਣ ਪੇਸ਼ਕਾਰੀ ਵਿਚ ਹੈ। ਬੌਧਿਕਤਾ ਦਾ ਅੰਸ਼ ਭਾਰੀ ਹੋਣ ਕਾਰਨ ਉਹ ਕਾਵਿਕ ਅਨੰਦ ਜਿਹੜਾ ਸਾਧਾਰਨ ਪਾਠਕ ਭਾਲਦਾ ਹੈ, ਨਹੀਂ ਮਿਲਦਾ। ਪ੍ਰਤੀਕਾਂ ਅਤੇ ਬਿੰਬਾਂ ਦੀ ਬੇਲੋੜੀ ਵਰਤੋਂ ਕਿਤੇ ਕਿਤੇ ਅਰਥ ਸੰਚਾਰ ਦੀ ਸਮੱਸਿਆ ਵੀ ਖੜੀ ਕਰ ਦਿੰਦੀ ਹੈ। ਸਿੱਟੇ ਵਜੋਂ ਇਹ ਕਵਿਤਾਵਾਂ ਪੜ੍ਹੀ ਲਿਖੀ ਮੱਧ-ਸ਼੍ਰੇਣੀ ਦੇ ਗੰਭੀਰ ਪਾਠਕਾਂ ਦੇ ਅਧਿਐਨ ਲਈ ਰਹਿ ਜਾਂਦੀਆਂ ਹਨ। ਆਧੁਨਿਕ ਪੰਜਾਬੀ ਕਵਿਤਾ ਆਮ ਪਾਠਕ ਦੇ ਮਨ-ਮਸਤਕ ਨੂੰ ਟੁੰਬੇ ਅਤੇ ਉਸਦੀ ਜ਼ਬਾਨ ਤੇ ਚੜ੍ਹੇ—ਇਹ ਸਾਡੇ ਕਵੀਆਂ ਸਾਹਮਣੇ ਆਮ ਚੁਣੌਤੀ ਹੈ। ਆਸ ਹੈ ਕਿ ਤਿੰਨੇ ਕਵੀ ਇਸ ਚੁਣੌਤੀ ਨੂੰ ਪ੍ਰਵਾਨ ਕਰਨਗੇ।

—ਅਨੂਪ ਸਿੰਘ (ਡਾ.)

## ਤਰਲੋ ਮੱਛੀ ਕਾਇਨਾਤ (ਕਹਾਣੀ ਸੰਗ੍ਰਹਿ)

'ਤਰਲੋ ਮੱਛੀ ਕਾਇਨਾਤ' ਕਹਾਣੀਕਾਰ ਸਰਵਮੀਤ ਦਾ ਪਹਿਲਾ ਕਹਾਣੀ ਸੰਗ੍ਰਹਿ ਹੈ। ਇਸ ਵਿਚ ਇਸ ਦੀਆਂ ਨੌ ਕਹਾਣੀਆਂ ਹਨ। ਸਰਵਮੀਤ ਨੂੰ ਕਹਾਣੀ ਕਲਾ ਦੀ ਸਮਝ ਹੈ। ਇਹ ਸਧਾਰਨ ਘਟਨਾਵਾਂ ਨੂੰ ਕਲਾ ਦੀ ਪੁੱਠ ਦੇ ਕੇ ਕਹਾਣੀ ਘੜ ਦਿੰਦਾ ਹੈ। ਵਿਸ਼ੇ ਪੱਖੋਂ ਵੀ ਇਸ ਨੇ ਸਮਾਜਿਕ ਸਵਾਲਾਂ ਨੂੰ ਕਲਮਬੰਦ ਕੀਤਾ ਹੈ, ਪਰੰਤੂ ਇਹਨਾਂ ਸਵਾਲਾਂ ਦੇ ਨਿਰਣੇ ਅੰਤਰਮੁਖੀ ਕਰਦਾ ਹੈ, ਇਸ ਸੰਗ੍ਰਹਿ ਉੱਤੇ ਪਿਛਲੇ ਸਾਲਾਂ ਵਿਚ ਵਾਪਰੇ ਪੰਜਾਬ ਦੇ ਦੁਖਾਂਤ ਦਾ ਪਰਛਾਵਾਂ ਹੈ। ਬਹੁਤੀਆਂ ਕਹਾਣੀਆਂ ਵਿਚ ਕਿਸੇ ਨਾ ਕਿਸੇ ਤਰ੍ਹਾਂ ਇਸ ਦੁਖਾਂਤ ਦਾ ਜ਼ਿਕਰ ਹੈ। ਸਰਵਮੀਤ ਇਕ ਦਰਸ਼ਕ ਵਾਂਗ ਇਹਨਾਂ ਘਟਨਾਵਾਂ ਦਾ ਵਰਨਣ ਕਰਦਾ ਹੈ। ਉਹ ਜ਼ਾਲਮ ਤੇ ਮਜ਼ਲੂਮ ਦਾ ਨਿਰਣਾ ਨਹੀਂ ਕਰਦਾ। ਨਾ ਹੀ ਅੱਤਵਾਦ ਦੇ ਕਾਰਨਾਂ ਬਾਰੇ ਕੁਝ ਕਹਿਣ ਦੀ ਦਲੇਰੀ ਕਰਦਾ ਹੈ। ਉਲਟਾ ਅੱਤਵਾਦੀ ਦੇ ਧੱਕੇ ਤੇ ਜ਼ਬਰ ਨੂੰ ਉਘਾੜਕੇ ਪੇਸ਼ ਕਰਨ ਦੀ ਥਾਂ ਆਪਣੀ ਧਰਤੀ ਵਿਚ ਅੱਤਵਾਦੀਆਂ ਦੇ ਸਕੇ ਸਬੰਧੀਆਂ ਨੂੰ ਪੁਲਸ ਜ਼ਬਰ ਦੇ ਸ਼ਿਕਾਰਾਂ ਵਜੋਂ ਪੇਸ਼ ਕਰਦਾ ਹੈ। 'ਓਪਰੀ ਸ਼ੈਅ' ਵਿਚ ਵੀ ਅੱਤਵਾਦ ਦੇ ਮਾਨਸਿਕ ਪਰਭਾਵ ਦਾ ਵਰਣਨ ਹੈ। 'ਧੁਆਂਖੇ ਪਰਛਾਵੇਂ' ਵਿਚ ਇੰਦਰਾ

ਗਾਂਧੀ ਦੇ ਕਤਲ ਉਪਰੰਤ ਸਿੱਖਾਂ ਦੇ ਹੋਏ ਕਤਲੇਆਮ ਤੇ ਉਹਨਾਂ ਦੀਆਂ ਜਾਇਦਾਦਾਂ ਤਬਾਹ ਹੋਣ ਦਾ ਜ਼ਿਕਰ ਹੈ। 'ਸਾਦੀ ਚਾਹ' ਵਿਚ ਇਕ ਸਿਧਰੇ ਜਿਹੇ ਵਿਅਕਤੀ ਦਾ ਵਿਅਕਤੀ ਚਿੱਤਰ ਹੈ। ਜਿਹੜਾ ਫਿਰਕੂ ਵਾਤਾਵਰਣ ਦੇ ਗੰਧਲੇਪਣ ਤੋਂ ਪ੍ਰਭਾਵਤ ਹੋ ਕੇ ਆਪਣੇ ਹਾਵ ਭਾਵ ਤੇ ਪੈਂਤੜੇ ਬਦਲਦਾ ਹੈ। ਜਾਪਦਾ ਹੈ, ਲੇਖਕ ਕਹਿਣਾ ਇਹ ਚਾਹ ਰਿਹਾ ਹੈ ਕਿ ਵਾਤਾਵਰਣ ਦਾ ਗੰਧਲਾਪਣ ਸਧਾਰਨ ਮਨੁੱਖ ਨੂੰ ਵੀ ਪ੍ਰਭਾਵਤ ਕਰਦਾ ਹੈ। 'ਕਲਾਣ' ਇਸ ਸੰਗ੍ਰਹਿ ਦੀ ਅਹਿਮ ਕਹਾਣੀ ਹੈ ਜਿਸ ਵਿਚ ਪੁਸ਼ਤ ਦਰ ਪੁਸ਼ਤ ਮੰਗਣ ਦੀ ਮਾਨਸਿਕਤਾ ਦਾ ਵਰਨਣ ਹੈ। ਸ਼ਿਬੂ ਸਾਸੀ ਪਰਸਥਿਤੀਆਂ ਦੇ ਬਦਲਣ ਤੇ ਵੀ ਆਪਣੇ ਆਪ ਨੂੰ ਬਦਲਣ ਤੋਂ ਅਸਮਰਥ ਹੈ ਜਦੋਂ ਕਿ ਉਹਨਾਂ ਦਾ ਦੂਜਾ ਪਰੀਵਾਰ ਨਵੀਆਂ ਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਤਬਦੀਲ ਕਰ ਲੈਂਦਾ ਹੈ। ਇਥੇ ਲੇਖਕ ਨੇ ਸ਼ਿਬੂ ਦੀ ਮਾਨਸਿਕਤਾ ਨੂੰ ਬਹੁਤ ਹੀ ਬਰੀਕੀ ਨਾਲ ਚਿਤਰਿਆ ਹੈ।

'ਠੰਡੀ ਅੱਗ ਦਾ ਸੇਕ' ਵੀ ਬਹੁਤ ਅਹਿਮ ਮਨੋਵਿਗਿਆਨਕ ਕਹਾਣੀ ਹੈ, ਜਿਸਦਾ ਨਾਇਕ ਫੌਲਾ ਆਪਣੀ ਪਤਨੀ ਦਾ ਹਰ ਮਰਦਾਂ ਨਾਲ ਸਬੰਧ ਮਾਨਸਿਕ ਤੌਰ ਤੇ ਕਬੂਲ ਨਹੀਂ ਕਰ ਸਕਦਾ। ਪਰੰਤੂ ਉਹ ਬਾਹਰਮੁਖੀ ਤੌਰ ਤੇ ਕੁਝ ਕਰ ਵੀ ਨਹੀਂ ਸਕਦਾ। ਉਹ ਇਹ ਸੰਘਰਸ਼ ਆਪਣੇ ਅੰਦਰ ਹੀ ਲੜਦਾ ਹੈ ਤੇ ਅੰਤ ਨੂੰ ਤਬਾਹ ਹੋ ਜਾਂਦਾ ਹੈ। 'ਮਾਂ ਅਜੇ ਮਰੀ ਨਹੀਂ', ਵਿਚ ਦਲਿਤ ਲੋਕਾਂ ਦੇ ਜੀਵਨ ਦਾ ਚਿੱਤਰ ਹੈ ਜਿਹੜੇ ਇਸ ਸੰਸਾਰ ਵਿਚ ਹੀ ਮਾਮੂਲੀ ਥੁੜਾਂ ਕਾਰਨ ਨਰਕ ਭੋਗ ਰਹੇ ਹਨ। ਫੱਲਾ ਗਰੀਬ ਮੁੰਡਾ ਹੈ। ਉਹਨੇ ਸੱਤ ਅੱਠ ਸਾਲ ਦੀ ਉਮਰ ਵਿਚ ਹੀ ਧਨੀ ਕਿਸਾਨਾਂ ਦੇ ਡੰਗਰ ਸਾਂਭਣ ਦਾ ਕੰਮ ਅਰੰਭ ਦਿੱਤਾ ਸੀ। ਉਹਦੀ ਮਾਂ ਬਿਮਾਰ ਹੈ। ਪਿਉ ਸ਼ਰਾਬੀ ਹੈ। ਮਾਂ ਦੇ ਇਲਾਜ ਲਈ ਪੈਸੇ ਨਹੀਂ ਹਨ। ਲੇਖਕ ਦੁਖਾਂਤ ਜੀਵਨ ਨੂੰ ਚਿਤਰ ਰਿਹਾ ਹੈ, ਪਰੰਤੂ ਕਿਤੇ ਵੀ ਕਾਰਨਾਂ ਦਾ ਵਰਨਣ ਨਹੀਂ ਕਰਦਾ। ਸਰਵਮੀਤ ਦੀ ਕਲਾ ਦੀ ਇਹੋ ਕਮਜ਼ੋਰੀ ਹੈ। ਉਹ ਯਥਾਰਥ ਤਾਂ ਪੇਸ਼ ਕਰਤਾ ਹੈ, ਪਰ 'ਕਿੰਤੂ' ਖੜੇ ਨਹੀਂ ਕਰਦਾ।

"ਭਵਿੱਖ ਵੱਲ ਨੂੰ" ਵਿਚ ਜੀਵਨ ਲਈ ਸੰਘਰਸ਼ ਕਰਨ ਦੀ ਗੱਲ ਹੈ। ਇਹ ਸੰਘਰਸ਼ ਸਮੂਹਿਕ ਲਾਮਬੰਦੀ ਤੇ ਚੇਤਨ ਯਤਨਾਂ ਨਾਲ ਲੜਿਆ ਜਾਣਾ ਚਾਹੀਦਾ ਹੈ। ਇਸ ਵਿਚ ਵਿਅਕਤੀਗਤ ਹਿੱਤਾਂ ਲਈ ਕੋਈ ਥਾਂ ਨਹੀਂ। ਨਾ ਹੀ ਇਸ ਦੀ ਕੋਈ ਜ਼ਾਮਨੀ ਹੈ। ਹਰਜੀਤ ਸੰਘਰਸ਼ ਵਿਚ ਸ਼ਾਮਲ ਹੁੰਦਾ ਹੈ। ਪਰੰਤੂ ਇਸ ਨੂੰ ਕੇਵਲ ਨੌਕਰੀ ਨਾ ਮਿਲਣ ਕਾਰਨ ਛੱਡ ਦਿੰਦਾ ਹੈ। ਇਸ ਵਿਚ ਕਾਮਰੇਡ ਮਦਨ ਸਿੰਘ ਦਾ ਚਿਤਰ ਵੀ ਟਕਸਾਲੀ ਨਹੀਂ ਹੈ। ਉਹ ਮਧਵਰਗੀ ਖੁਦਗਰਜ਼ੀ ਦਾ ਪਰਗਟਾਵਾ ਕਰਦਾ ਹੈ। ਆਪਣੇ ਮੁੰਡੇ ਨੂੰ ਨੌਕਰੀ ਦਵਾ ਦਿੰਦਾ ਹੈ। ਪਰੰਤੂ ਨਾਇਕ ਹਰਜੀਤ ਵੀ ਚੇਤਨਾ ਦਾ ਪ੍ਰਗਟਾਵਾ ਨਹੀਂ ਕਰਦਾ। ਉਹ ਵੀ ਵਿਨਾਸ਼ ਕਰਨ ਦੀ ਥਾਂ ਨਿੱਜ ਤੱਕ ਹੀ ਸੀਮਤ ਰਹਿ ਜਾਂਦਾ ਹੈ। ਲੇਖਕ ਕਾਮਰੇਡ ਮਦਨ ਸਿੰਘ ਨੂੰ ਘਟੀਆ ਪੇਸ਼ ਕਰਕੇ ਕੀ ਕਹਿਣਾ ਚਾਹੁੰਦਾ ਹੈ? ਇਹ ਤਾਂ ਉਹ ਜਾਣੇ। ਪਰੰਤੂ ਜੇ ਉਹ ਇਹ ਕਹਿੰਦਾ ਹੈ ਕਿ ਕਾਮਰੇਡ ਵੀ ਆਮ ਲੋਕਾਂ ਤੋਂ ਵੱਖਰੇ ਨਹੀਂ ਹੁੰਦੇ ਤਾਂ ਉਹ ਅਚੇਤ ਹੀ ਚੇਤਨ ਸ਼ਕਤੀਆਂ ਦਾ ਵਿਰੋਧ ਕਰ ਰਿਹਾ ਹੈ, ਜਿਹੜਾ ਠੀਕ ਨਹੀਂ ਹੈ।



"ਤਾਰੋ ਦੀ ਧੀ" ਇਸਤਰੀ ਮੁਕਤੀ ਲਈ ਸੰਘਰਸ਼ ਦੀ ਕਹਾਣੀ ਹੈ। ਜਿਸ ਵਿਚ ਤਾਰੋ ਆਪਣਾ ਇਸਤਰੀਤਵ ਕਾਇਮ ਰੱਖਕੇ ਜੀਵਨ ਲਈ ਸੰਘਰਸ਼ ਕਰਦੀ ਹੈ। ਉਹਦੀ ਧੀ ਉਸ ਤੋਂ ਪਰੇਰਨਾ ਲੈ ਕੇ ਲੜਦੀ ਹੈ।

ਮੋਟੇ ਤੌਰ ਤੇ ਸਰਵਮੀਤ ਦਾ ਇਹ ਪਹਿਲਾ ਯਤਨ ਸਫਲ ਹੈ। ਉਸ ਕੋਲ ਕਲਾ ਹੈ। ਪਰੰਤੂ ਉਸ ਨੂੰ ਇਸ ਕਲਾ ਨੂੰ ਸਮਾਜ ਦੇ ਸੁਧਾਰ ਤੇ ਪਰਿਵਰਤਨ ਲਈ ਚੇਤਨ ਤੌਰ ਤੇ ਵਰਤਨ ਲਈ ਹੋਰ ਸਾਵਧਾਨ ਤੇ ਮਿਹਨਤ ਦੀ ਲੋੜ ਹੈ।

ਸੁਰਜੀਤ ਗਿੱਲ

## ਚੌਥੇ ਦੀ ਉਡੀਕ

(ਡਾ: ਹਰਿਭਜਨ ਸਿੰਘ)

ਆਪਣੇ ਸਾਹਿਤਕ-ਸਫ਼ਰ ਦੇ ਆਰੰਭ ਤੋਂ ਹੀ ਮੈਂ ਡਾ: ਹਰਿਭਜਨ ਸਿੰਘ ਦੀ ਕਵਿਤਾ ਦਾ ਪਾਠਕ ਤੇ ਪ੍ਰਸ਼ੰਸਕ ਰਿਹਾ ਹਾਂ। ਮੈਂ ਲਗਭਗ ਉਹਨਾਂ ਦੀ ਹਰ ਕਾਵਿ-ਰਚਨਾ ਪੜ੍ਹੀ ਹੈ। ਉਹਨਾਂ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਕਵੀ-ਦਰਬਾਰਾਂ ਤੇ ਕਾਵਿ-ਗੋਸ਼ਟੀਆਂ ਵਿਚ ਪੜ੍ਹਨ-ਸੁਣਨ ਦਾ ਮੌਕਾ ਮਿਲਿਆ ਹੈ ਤੇ ਉਹਨਾਂ ਦੇ ਉਚਾਰਨ ਅਥਵਾ ਕਾਵਿ-ਪਾਠ ਤੋਂ ਬਹੁਤ ਵੇਰ ਪ੍ਰਭਾਵਤ ਹੁੰਦਾ ਰਿਹਾ ਹਾਂ।

ਪਰ ਮੈਨੂੰ ਉਹਨਾਂ ਦੀ ਕਵਿਤਾ ਬਾਰੇ ਆਲੋਚਨਾਤਮਿਕ-ਟਿੱਪਣੀ ਦਾ ਮੌਕਾ ਕਦੇ ਨਹੀਂ ਸੀ ਮਿਲਿਆ। ਮੈਂ ਉਹਨਾਂ ਦੀ ਰਚਨਾ ਨੂੰ ਕਦੇ ਵੀ ਇਕ ਆਲੋਚਕ ਵਾਂਗ ਨਹੀਂ, ਸਗੋਂ ਇਕ ਪਾਠਕ ਜਾਂ ਇਕ ਕਵੀ ਵਜੋਂ ਪੜ੍ਹਿਆ ਤੇ ਮਾਣਿਆ ਹੈ।

'ਚੌਥੇ ਦੀ ਉਡੀਕ' ਦੇ ਰੀਵੀਉ ਨੇ ਮੈਨੂੰ ਡਾਢੀ ਮੁਸ਼ਕਿਲ ਸਥਿਤੀ ਵਿਚ ਪਾ ਦਿੱਤਾ ਹੈ। ਪੁਸਤਕ ਨੂੰ ਤਿੰਨ ਚਾਰ ਵਾਰ ਪੜ੍ਹਿਆ ਹੈ, ਪਰ ਬਹੁਤ ਸਾਰੀਆਂ ਕਵਿਤਾਵਾਂ ਮੈਨੂੰ ਸਮਝ ਨਹੀਂ ਆਈਆਂ। ਹਾਰ ਕੇ ਦੁਬਾਰਾ ਪੜ੍ਹਨ ਬੈਠ ਜਾਂਦਾ ਹਾਂ। ਫਿਰ ਸੋਚਣ ਲੱਗ ਜਾਂਦਾ ਹਾਂ ਕਿ ਆਖ਼ਿਰ ਮਾਜਰਾ ਕਿਆ ਹੈ? ਜ਼ਰੂਰ ਮੇਰੀ ਸਾਹਿਤਕ-ਸਿਖਲਾਈ ਤੇ ਆਲੋਚਨਾਤਮਿਕ ਸਮਰੱਥਾ ਵਿਚ ਕੋਈ ਊਣ ਹੋਵੇਗੀ।

ਅਸਲ ਵਿਚ ਪ੍ਰਯੋਗਵਾਦੀ ਰਾਮ-ਰੌਲੇ ਨੇ ਸਾਡੀ ਕਵਿਤਾ ਦਾ ਸੁਆਰਿਆ ਘੱਟ ਤੇ ਵਿਗਾੜਿਆ ਬਹੁਤਾ ਹੈ। ਕਵਿਤਾ ਨੂੰ ਜਨ-ਸਾਧਾਰਨ ਨਾਲੋਂ ਤੋੜ ਕੇ ਰੱਖ ਦਿੱਤਾ ਹੈ। ਅਸਪਸ਼ਟ ਤੇ ਧੁੰਦਲੀਆਂ ਕਾਵਿ-ਜੁਗਤਾਂ ਪ੍ਰਚਲਤ ਕਰਕੇ ਪੰਜਾਬੀ ਕਵਿਤਾ ਦਾ ਮੂੰਹ-ਮੱਥਾ ਵਿਗਾੜ ਸਾਨੂੰ ਸਾਡੇ ਕਾਵਿ-ਵਿਰਸੇ ਵਲੋਂ ਬੇਮੁੱਖ ਕਰ ਦਿੱਤਾ ਹੈ। ਡਾ. ਹਰਿਭਜਨ ਸਿੰਘ ਹੁਰਾਂ ਦੀਆਂ ਵਧੇਰੇ ਕਵਿਤਾਵਾਂ ਅਥਵਾ ਨਜ਼ਮਾਂ ਨਾਲ ਖਾਸ ਕਰਕੇ ਇਹੀ ਭਾਣਾ ਵਰਤਿਆ ਹੈ।

ਫੇਰ ਵੀ ਇਸ ਸੰਗ੍ਰਹਿ ਵਿਚ ਕਾਫੀ ਸਾਰੀਆਂ ਅਜੇਹੀਆਂ ਨਜ਼ਮਾਂ ਹਨ, ਜਿਹੜੀਆਂ ਮੈਨੂੰ ਚੰਗੀਆਂ ਲੱਗੀਆਂ ਹਨ। ਪਹਿਲਾਂ ਮੈਂ ਉਹਨਾਂ ਦਾ ਜ਼ਿਕਰ ਕਰਨਾ ਪਸੰਦ ਕਰਾਂਗਾ।

ਨਿੱਤ ਵਾਪਰਦੇ ਦੁਖਾਂਤਕ ਹਾਦਸੇ ਹੁਣ ਸਾਡੀ ਨਿੱਤ ਦੀ ਹੋਣੀ ਬਣ ਚੁੱਕੇ ਹਨ, ਅਸੀਂ ਇਹਨਾਂ ਦੇ ਏਨੇ ਆਦੀ ਹੋ ਚੁੱਕੇ ਹਾਂ ਕਿ ਆਪਣੀ ਸੁਰੱਖਿਅਤਾ ਸਭ ਤੋਂ ਪਹਿਲਾਂ

ਸੋਚਦੇ ਹਾਂ ।

ਸੁਬ੍ਹਾ ਸਵੇਰੇ ਹਰ ਰੋਜ਼
ਸਭ ਤੋਂ ਪਹਿਲਾਂ ਉਹੋ ਖ਼ਬਰ ਪੜ੍ਹਦਾ ਹਾਂ
ਜੋ ਪੜ੍ਹਨ ਤੋਂ ਡਰਦਾ ਹਾਂ
ਆਪਣੀ ਸਲਾਮਤੀ ਦਾ ਬੜਾ ਫ਼ਿਕਰ ਮੈਨੂੰ
ਮੇਰੇ ਬਿਨਾ ਭਲਾ ਮੇਰਾ ਕੌਣ ।
ਧੂੰਆ ਧੂੰਆ ਧੁਖ਼ਦਾ ਹਾਂ
ਤਪਦਾ ਹਾਂ, ਰਿੱਝਦਾ ਹਾਂ

'ਧਰਮਾ ਫੇਰ ਆ ਗਿਆ' ਤੇ ''ਚੌਲਾਂ ਦੀ ਤਾਸੀ'' ਦੋ ਹੋਰ ਅਜੇਹੀਆਂ ਨਜ਼ਮਾਂ ਹਨ, ਜਿਹੜੀਆਂ ਮਨ ਵਿਚ ਖੁਭ ਜਾਂਦੀਆਂ ਹਨ, ਧਰਮਾ ਜੋ ਰੋਜ਼ ਜੀਊਂਦਾ ਹੈ, ਰੋਜ਼ ਮਰਦਾ ਹੈ, ਅਸਲ ਵਿਚ ਬਾਰ ਬਾਰ ਮਰ ਕੇ, ਫਿਰ ਜੀ ਉਠਦਾ ਹੈ ।

ਉਂਝ ਮੈਂ ਕੋਈ ਪ੍ਰੇਤ ਨਹੀਂ
ਸੁਫਨਾ ਵੀ ਨਹੀਂ
ਮੈਂ ਤਾਂ ਸੱਚੀਂ ਮੁੱਚੀਂ ਦਾ
ਤੁਹਾਡਾ ਧਰਮਾ

'ਚੌਲਾਂ ਦੀ ਤਾਸੀ' ਚੋ ਜਲਾਵਤਨ ਗਵਾਂਢੀ, ਜਿਹੜੇ ਰੋਜ਼ ਚੋਰੀ ਚੋਰੀ ਆਪਣੇ ਘਰ ਪਰਤਦੇ ਹਨ, ਤੇ ਫਿਰ ਦੁਬਾਰਾ ਕੁੱਟ ਕੇ ਘਰੋਂ ਕੱਢ ਦਿੱਤੇ ਜਾਂਦੇ ਹਨ, ਗਵਾਂਢੀ, ਜਿਹੜੇ ਨਾਗਲੇ ਗਵਾਂਢੀਆਂ ਨੂੰ ਚੌਲਾਂ ਦੀ ਤਾਸੀ ਭੇਜਣਾ ਨਹੀਂ ਭੁਲਦੇ ।

ਉਜੜਦੇ ਤੇ ਵਸਦੇ ਇਸ ਘਰ ਦੀਆਂ ਆਵਾਜ਼ਾਂ ਸਾਡੀ ਇਸ ਬਿਰਤੀ ਵਿਚ ਉੱਕਰੀਆਂ ਜਾਂਦੀਆਂ ਹਨ ।

ਹਰ ਰਾਤ ਜਲਾਵਤਨ ਗੁਆਂਢੀ
ਆਪਣੇ ਘਰ ਮੁੜ ਆਉਂਦੇ ਨੇ
ਜੰਗਾਲੇ ਹੋਏ ਜੰਦਰੇ ਵਿਚ ਚਾਬੀ
ਖੜਿਚ ਕਰ ਕੇ ਚੱਲਦੀ ਹੈ
ਜੰਦਰੇ ਦੇ ਖੁੱਲ੍ਹ ਕੇ ਡਿੱਗਣ ਦੀ ਆਵਾਜ਼ ਸੁਣਦੇ ਹਾਂ
ਖੁਰੇ ਵਿਚ ਹੱਥ ਧੋਣ ਦੀ ਵਾਜ਼
ਫਰਸ਼ ਤੇ ਮੰਜੇ ਦੀ ਘੜੀਸ
ਪਤੀਲੇ ਵਿਚ ਚੱਲਦੀ ਕੜਛੀ ਦਾ ਖੜਾਕ
ਪਚਾਕੇ, ਲਿਬੜੀਆਂ ਉਂਗਲੀਆਂ ਨੂੰ ਚੱਟਦੀਆਂ ਜੀਭਾਂ
ਅਸੀਂ ਸੁਣਦੇ ਹਾਂ

ਉਮਰ ਦੇ ਆਖਰੀ ਪੜਾ ਵਿਚ ਪਹੁੰਚਿਆ ਸਾਡਾ ਇਹ ਪਰਮੁੱਖ ਸ਼ਾਇਰ ਹੁਣ ਅੰਤਮ ਘੜੀਆਂ ਨੂੰ ਚਿਤਵਣ ਲੱਗ ਪਿਆ ਹੈ । ਗੀਤ ਦਾ ਲਿਬਾਸ ਪਹਿਨੀ ਉਹ ਇਸ ਅੰਤਮ ਯਾਤਰਾ ਨੂੰ ਚਿਤਵਦਾ ਆਪਣੀ ਅਦਾ ਨੂੰ ਵਿਸਾਰਦਾ ਨਹੀਂ ਸਗੋਂ ਪੂਰੇ ਜਲੌਅ ਵਿਚ, ਆਇਆ ਆਖਦਾ ਹੈ,



ਲੋਕ ਕਹੇ ਐਹ ਗੀਤਾਂ ਵਾਲਾ
ਤੁਰਿਆ ਧੁਰ ਦਰਗਾਹੇ
ਸਉਲੀ ਗੱਲ੍ਹ ਤੇ ਗੋਰਾ ਹੰਝੂ
ਤੁਰਦਾ ਤਾਂ ਰੁਕ ਜਾਏ
ਪੀੜ ਦੇ ਪਿੰਡੇ ਛਿਲਤਰ ਵਿਲਕੇ
ਆਖੇ ਨਾ ਕੁਰਲਾਏ
ਮੈਂ ਅੱਜ ਦਰਦ-ਵਿਹੂਣਾ ਹੋਇਆ
ਦੁਨੀਆਂ ਕਿਉਂ ਦੁੱਖ ਪਾਏ
ਮੈਂ ਜਾਂ ਤੁਰਾਂ ਮੇਰੇ ਗੀਤ ਨੂੰ ਕਹਿਣਾ
ਹੌਲੀ ਹੌਲੀ ਗਾਏ

ਇਸ ਸੰਗ੍ਰਹਿ ਦੀਆਂ ਬਹੁਤ ਸਾਰੀਆਂ ਨਜ਼ਮਾਂ ਹਨ, ਜਿਹੜੀਆਂ ਪਾਠਕ ਦੇ ਕੋਲੋਂ ਦੀ ਪੌਣ ਦੇ ਬੁੱਲ੍ਹੇ ਵਾਂਗ ਗੁਜ਼ਰ ਜਾਂਦੀਆਂ ਹਨ । ਕੁਝ ਸਿਰਫ ਪ੍ਰਯੋਗ ਹਨ, ਕੁਝ ਏਨੀਆਂ ਨਿੱਜੀ ਤੇ ਅਸਪਸ਼ਟ ਹਨ ਕਿ ਬੱਸ ਲਿਖਣ ਲਈ ਲਿਖਣੀਆਂ ਪੈਂਦੀਆਂ ਹਨ, ਉਹਨਾਂ ਵਿਚਲੇ ਬਿੰਬ ਤਾਂ ਕਿਤੇ ਕਿਤੇ ਧਿਆਨ ਖਿੱਚਦੇ ਹਨ, ਨਵਾਂ ਸਿਰਜਿਆ ਸ਼ਬਦ ਜਾਂ ਪੁਰਾਣੇ ਸ਼ਬਦ ਦੀ ਨਵੀਂ ਤਰ੍ਹਾਂ ਕੀਤੀ ਵਰਤੋਂ ਧਿਆਨ ਖਿੱਚਦੀ ਹੈ, ਪਰ ਬਹੁਤ ਵਾਰ ਇਹ ਅਰਥਾਂ ਦੇ ਦੁਆਰਾ ਨਹੀਂ ਖੋਲ੍ਹਦੀ ।

ਅਸਲ ਵਿਚ ਹਰ ਰਚਨਾਕਾਰ, ਹਰ ਨਵੀਂ ਸਾਹਿਤਕ-ਕਿਰਤ ਵਿਚ ਆਪਣੇ ਆਪ ਤੋਂ ਪਾਰ ਜਾਣ ਜਾਂ ਆਪਣੇ ਆਪ ਨੂੰ ਉਲੰਘਣ ਦਾ ਉਪਰਾਲਾ ਕਰਦਾ ਹੈ, ਪਰ ਹਰ ਨਵੇਂ ਯਤਨ ਵਿਚ ਸਫਲਤਾ ਦੀ ਗਾਰੰਟੀ ਕੋਈ ਨਹੀਂ ਹੁੰਦੀ । ਜਦੋਂ ਵੀ ਰਚਨਾਕਾਰ ਦੀ ਪ੍ਰਤਿਭਾ ਸਮਾਜਕ ਜੀਵਨ ਦੀ ਕਿਸੇ ਮੁੱਖ ਵਿਰੋਧਤਾਈ ਨੂੰ ਪੇਸ਼ ਕਰਨ ਜਾਂ ਫੜਨ ਵਿਚ ਸਫਲ ਹੋ ਜਾਂਦੀ ਹੈ, ਸਿਰਫ ਉਦੋਂ ਹੀ ਉਹ ਲੇਖਕ ਆਪਣੇ ਆਪ ਨੂੰ ਰੱਦ ਕਰ, ਕਈ ਕਦਮ ਅੱਗੇ ਚਲਾ ਜਾਂਦਾ ਹੈ । ਪਰ ਜਦੋਂ ਉਹ ਸਮਾਜਕ ਸਥਿਤੀ ਜਾਂ ਸੰਕਟ ਨੂੰ ਭੁੱਲ ਵਿਕੋਲਿਤਰੇ, ਨਿੱਜੀ ਤੇ ਅਲੌਕਾਰ ਅਨੁਭਵਾਂ ਨੂੰ ਰਚਨਾ ਦਾ ਰੂਪ ਦੇਣ ਦਾ ਪ੍ਰਯਾਸ ਕਰਦਾ ਹੈ, ਤਾਂ ਅਜੇਹੀ ਰਚਨਾ ਬਾਵਜੂਦ ਵੰਨ-ਸੁਵੰਨੀਆਂ ਕਲਾਤਮਕ ਜੁਗਤਾਂ ਤੇ ਪ੍ਰਯੋਗਾਂ ਦੇ, ਸਮੇਂ ਦੇ ਸਮਾਜਕ ਸੱਚ ਤੇ ਤੱਤ ਤੋਂ ਸੱਖਣੀ ਰਹਿ ਜਾਂਦੀ ਹੈ ।

ਡਾ: ਹਰਿਭਜਨ ਸਿੰਘ ਦੇ ਸ਼੍ਰੇਸ਼ਟ ਰਚਨਾਕਾਰ ਹੋਣ ਦੇ ਬਾਵਜੂਦ, ਆਪਣੇ ਨਵੇਂ ਕਾਵਿ-ਸੰਗ੍ਰਹਿ ਵਿਚ ਵਧੇਰੇ ਕਵਿਤਾਵਾਂ ਰਾਹੀਂ ਪਾਠਕ ਨੂੰ ਨਵੀਆਂ ਕਾਵਿ-ਜੁਗਤਾਂ ਤੇ ਪ੍ਰਯੋਗਾਂ ਨਾਲ ਚਕ੍ਰਿਤ ਕਰਨ ਦਾ ਯਤਨ ਤਾਂ ਕਰਦਾ ਹੈ, ਪਰ ਪ੍ਰਭਾਵਸ਼ਾਲੀ ਨਜ਼ਮਾਂ ਸਿਰਫ ਉਹੀ ਬਣ ਸਕੀਆਂ ਹਨ, ਜਿਹੜੀਆਂ ਸਮਾਜਕ-ਯਥਾਰਥ ਨਾਲ ਜੁੜ, ਇਸ ਦੀ ਕੋਈ ਨਵੀਂ ਤਹਿ ਖੋਲ੍ਹਦੀਆਂ ਹਨ ।

ਫੇਰ ਵੀ "ਚੌਥੇ ਦੀ ਉਡੀਕ" ਕਿਸੇ ਥੱਕੇ, ਹਾਰ-ਹੰਭੇ ਕਵੀ ਦੀ ਰਚਨਾ ਨਹੀਂ, ਸਗੋਂ ਸਦਾ-ਜਵਾਨ ਸਮਰਥ ਕਵੀ ਦੀ ਅਜੇਹੀ ਕਾਵਿ-ਕਿਰਤ ਹੈ, ਜਿਹੜੀ ਗੰਭੀਰ ਵਾਦ-ਵਿਵਾਦ ਨੂੰ ਛੇੜਨ ਦੇ ਕਾਬਿਲ ਹੈ ਤੇ ਨਵੇਂ ਕਾਵਿ-ਦਿਸਹੱਦਿਆਂ ਵੱਲ ਸੰਕੇਤ ਕਰਦੀ ਹੈ ।

—ਹ. ਸ. ਹ.

## ਮਿੱਤਰਾਂ ਦੇ ਖ਼ਤ

○ ......ਨਿਸਚੇ ਹੀ ਅੰਕ ਦੀ ਉਪਲੱਭਤੀ 'ਝਨਾਂ ਦੀ ਰਾਤ' ਬਾਰੇ ਤੁਹਾਡਾ ਵਿਚਾਰ ਪੂਰਨ ਲੇਖ ਹੈ। ਸ਼ਾਇਦ ਇਸ ਵਿਵਾਦ-ਗ੍ਰਸਤ ਰਚਨਾ ਬਾਰੇ ਕਿਸੇ ਹੋਰ ਭਾਸ਼ਾ ਨੂੰ ਤਾਂ ਛੱਡੋ, ਪੰਜਾਬੀ ਵਿਚ ਹੀ ਇਹ ਪਹਿਲਾ ਲੇਖ ਹੈ, ਜਿਸ ਵਿਚ ਇਸ ਰਚਨਾ ਤੇ ਵਸਤੂਗਤ ਢੰਗ ਨਾਲ ਵਿਚਾਰ ਕੀਤਾ ਗਿਆ ਹੈ।

ਡਾ. ਚਮਨ ਲਾਲ ਪ੍ਰਭਾਕਰ—ਪਟਿਆਲਾ

○ ......'ਝਨਾਂ ਦੀ ਰਾਤ' ਦਾ ਕਾਵਿ-ਸੰਸਾਰ ਆਲੋਚਨਾਤਮਿਕ ਲੇਖ ਲਿਖ ਕੇ ਤੁਸਾਂ, ਅੱਜ ਦੀ ਇਕ ਲੋੜ ਦੀ ਪੂਰਤੀ ਕੀਤੀ ਹੈ। ਇਹ ਲੇਖ ਮਹਿਬੂਬ ਕਾਵਿ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ ਤੇ ਪਰਖਣ ਵਿਚ ਪਾਠਕਾਂ ਦੀ ਮਦਦ ਕਰੇਗਾ। ਤੁਸਾਂ ਕਈ ਪੱਖਾਂ ਤੋਂ ਇਸ ਕਾਵਿ ਦਾ ਤਸੱਲੀਬਖ਼ਸ਼ ਵਿਸ਼ਲੇਸ਼ਣ ਕੀਤਾ ਹੈ ਅਤੇ ਨਿਰਪੱਖ ਵੀ......

ਪਿਆਰਾ ਸਿੰਘ ਸਹਿਰਾਈ—ਦਿੱਲੀ

○ 'ਝਨਾਂ ਦੀ ਰਾਤ' ਬਾਰੇ ਆਪ ਦੇ ਸਾਰਥਿਕ ਅਤੇ ਵਿਸਥਾਰ ਪੂਰਵਕ ਵਿਚਾਰ ਪੜ੍ਹਨ ਨੂੰ ਮਿਲੇ। ਮੈਂ ਇਸ ਵਿਵਾਦ-ਗ੍ਰਸਤ ਪੁਸਤਕ ਬਾਰੇ ਅਲੋਚਕਾਂ ਦੇ ਵਿਚਾਰ ਜਾਨਣ ਦੇ ਯਤਨ ਵਿਚ ਰਿਹਾਂ। ਪਰ ਬਹੁਤੇ ਵਿਦਵਾਨ ਹਰਿੰਦਰ ਮਹਿਬੂਬ ਹੁਰਾਂ ਨੂੰ ਦਰਵੇਸ਼ ਕਵੀ ਜਾਂ ਬਹੁਤ ਪੜ੍ਹਿਆ ਲਿਖਿਆ ਬੰਦਾ ਕਹਿ ਕੇ ਗੱਲ ਟਾਲਦੇ ਰਹੇ। ਤੁਹਾਡਾ ਲੇਖ ਪੜ੍ਹ ਕੇ ਬਹੁਤ ਸਾਰੇ ਸ਼ੰਕਾ ਨਵਿਰਤ ਹੋਏ ਹਨ।

ਪ੍ਰੋ. ਲੋਕ ਨਾਥ—ਮੁਕਤਸਰ

○ ਇਸ ਅੰਕ ਵਿਚਲੇ ਆਪਣੇ ਮਜ਼ਮੂਨ 'ਝਨਾਂ ਦੀ ਰਾਤ ਦਾ ਕਾਵਿ-ਸੰਸਾਰ' ਲਈ ਤੁਸੀਂ ਮੁਬਾਰਕ ਦੇ ਹੱਕਦਾਰ ਹੋ ਕਿਉਂਕਿ (i) ਤੁਸਾਂ ਪੁਸਤਕ ਦੇ ਅੰਦਰਲੇ ਸਭਨਾਂ ਪਸਾਰਾਂ ਨੂੰ ਖੋਲ੍ਹਿਆ ਹੈ। (ii) ਇਸ ਦੇ ਕਾਵਿਕ ਹਿੱਸਿਆਂ ਬਾਰੇ ਸੰਤੁਲਿਤ ਟਿਪਣੀਆਂ ਕੀਤੀਆਂ ਹਨ। (iii) ਇਸ ਵਿਚ ਪ੍ਰਤੱਖ ਜਾਂ ਪ੍ਰੋਖ ਪੱਧਰ ਉੱਪਰ ਵਿਚਰਦੇ ਲੇਖਕ ਦੇ ਦ੍ਰਿਸ਼ਟੀਕੋਣ ਨੂੰ ਤਰਕਸ਼ੀਲ ਢੰਗ ਨਾਲ ਸਾਹਮਣੇ ਲਿਆਂਦਾ ਹੈ......ਮੇਰੇ ਖਿਆਲ ਮੁਤਾਬਿਕ ਇਸ ਪੁਸਤਕ ਸਬੰਧੀ ਜਦ ਵੀ ਕੋਈ ਗੰਭੀਰ ਵਿਚਾਰ-ਚਰਚਾ ਚੱਲੇਗੀ, ਤੁਹਾਡੇ ਵਿਚਾਰਾਂ ਨੂੰ ਅਣਡਿੱਠ ਕਰਨਾ ਮੁਸ਼ਕਿਲ ਹੋਵੇਗਾ।

ਡਾ. ਹਰਭਜਨ ਸਿੰਘ ਭਾਟੀਆ—ਅੰਮ੍ਰਿਤਸਰ

○ ......ਪੰਜਾਬੀ ਅਲੋਚਨਾ ਨੂੰ ਪੜ੍ਹਨਾ ਔਖਾ ਕੰਮ ਹੈ। ਇਸ ਔਖੇ ਕੰਮ ਤੋਂ ਮੈਂ ਅਕਸਰ ਪਰਹੇਜ਼ ਕਰਦਾ ਹਾਂ। ਹਰਿੰਦਰ ਸਿੰਘ ਮਹਿਬੂਬ ਦੀ 'ਝਨਾਂ ਦੀ ਰਾਤ' ਬਾਰੇ ਤੁਹਾਡਾ ਲੇਖ ਸਰਸਰੀ ਨਜ਼ਰੇ ਦੇਖਣ ਲੱਗਾ ਕਿ ਸਤਰ-ਬ-ਸਤਰ ਸਾਰਾ ਪੜ੍ਹ ਲਿਆ। ਭਾਸ਼ਾ-ਸ਼ੈਲੀ ਦੇ ਨੁਕਤੇ ਤੋਂ ਉਹ ਸੌਖਾ ਵੀ ਲੱਗਾ, ਸਪਸ਼ਟ ਵੀ, ਸੁਲਝਿਆ ਹੋਇਆ ਵੀ, ਤੇ ਦਿਲਚਸਪ ਵੀ ਲੱਗਾ। ਤੁਹਾਡੇ ਵਿਚਾਰਾਂ ਨਾਲ ਕਾਫੀ ਹੱਦ ਤੱਕ ਸਹਿਮਤ ਹੋਣ ਦੀ ਤਸੱਲੀ ਵੀ ਹੋਈ।

ਮਹਿਬੂਬ ਨੇ 'ਝਨਾਂ ਦੀ ਰਾਤ' ਮੈਨੂੰ ਪਿਆਰ-ਭੇਟ ਕੀਤੀ ਸੀ, ਤਾਂ ਮੈਂ ਉਦੋਂ ਵੀ ਪੜ੍ਹੀ ਸੀ, ਤੇ ਫੇਰ ਸਹਿਤ ਅਕਾਦਮੀ ਦਾ ਇਨਾਮ ਮਿਲਣ ਤੋਂ ਬਾਅਦ ਬੜਾ ਉਲਾਰ ਤੇ



ਬੇਸਿਰ-ਪੈਰ ਕਿਸਮ ਦਾ ਵਾਦ-ਵਿਵਾਦ ਛਿੜਨ ਦੇ ਦੌਰਾਨ ਵੀ ਪੜ੍ਹੀ ਸੀ। ਹੁਣ ਤੁਹਾਡਾ ਲੇਖ ਪੜ੍ਹਨ 'ਤੇ ਮਹਿਬੂਬ ਦੀ ਵਿਚਾਰਧਾਰਾ ਤੇ ਕਾਵਿ-ਕਲਾ ਨੂੰ ਵਧੇਰੇ ਸਪਸ਼ਟਤਾ ਨਾਲ ਸਮਝਣ ਵਿਚ ਮਦਦ ਮਿਲੀ ਹੈ। ਇਹ ਚੰਗੀ ਅਲੋਚਨਾ ਦੀ ਦ੍ਰਿਸ਼ਟੀ ਹੈ।

ਸੁਖਬੀਰ—ਬੰਬਈ

○ ......'ਝਨਾਂ ਦੀ ਰਾਤ' ਬਾਰੇ ਤੁਹਾਡਾ ਲੇਖ ਦਰਮਿਆਨਾ ਪੱਧਰ ਦਾ ਹੈ। ਚੰਗੀ ਰੋਟੀ ਵਾਲੇ ਢਾਬਿਆਂ ਤੇ ਚੰਗੇ ਸਾਹਿਤਕ ਰਿਸਾਲਿਆਂ ਦੀ ਲੋੜ ਹਮੇਸ਼ਾ ਬਣੀ ਰਹਿੰਦੀ ਹੈ। ਤੁਹਾਡੀ ਵਿਸ਼ੇਸ਼ਤਾ ਕੀ ਹੈ?

ਸੰਤੋਖ ਸਿੰਘ ਸੰਤੋਖ (ਇੰਗਲੈਂਡ)

—○—

## ਪੁਸਤਕ ਪ੍ਰਾਪਤੀ

1. ਆਖਰੀ ਪਿੰਡ ਦੀ ਕਥਾ (ਨਾਵਲ) ਜਸਬੀਰ ਮੰਡ ਪ੍ਰਕਾਸ਼ਕ ਨਵਦੀਪ ਸਿੰਘ V.P.O. ਸਕਰੌਂਦੀ (ਸੰਗਰੂਰ) ਮੁੱਲ ਪੇਪਰ ਬੈਕ 20/- ਸਫੇ 112
2. ਸਾਬਕਾ ਸਮਾਜਵਾਦੀ ਦੇਸ਼ ਤੇ ਵਰਤਮਾਨ ਸੰਸਾਰ ਦ੍ਰਿਸ਼ ਡਾ: ਸਵਰਨ ਚੰਦਨ, ਸੂਰਜ ਪ੍ਰਕਾਸ਼ਨ ਦਿੱਲੀ ਮੁੱਲ 10/- ਪੰਨੇ 94
3. ਖ਼ੁਦਕਸ਼ੀ ਚੁੱਪ ਦੀ (ਕਵਿਤਾਵਾਂ) ਹਰਵਿੰਦਰ ਭੰਡਾਲ. ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪੰਨੇ, 80 ਮੁੱਲ 50/-
4. ਰਾਗ-ਮਲਹਾਰ (ਗਜ਼ਲਾਂ) ਮਹਿਮਾ ਸਿੰਘ, ਪੰਨੇ 82, ਮੁੱਲ 50/- ਲਾਹੌਰ ਬੁੱਕ ਸ਼ਾਪ ਲੁਧਿਆਣਾ
5. ਪ੍ਰੇਤ ਛਾਇਆ (ਕਹਾਣੀਆਂ) ਸੰਤੋਖ ਸਿੰਘ, ਪੰਨੇ 116, ਮੁੱਲ 35/- ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ
6. ਕਟਿਹਰਾ (ਨਾਵਲ) ਮਿੱਤਰ ਸੈਨ ਮੀਤ, ਪੰਨੇ 280, ਮੁੱਲ 100/-
7. ਚੋਣਵੀਆਂ ਕਹਾਣੀਆਂ, ਗੁਰਦਾਸ ਚਾਹਲ ਭੀਖੀ
8. ਪੰਜਾਬ ਸੰਕਟ (ਵਾਰਤਕ) ਸੂਫ਼ੀ ਅਮਰਜੀਤ ਪੰਨੇ 80, ਮੁੱਲ 50/- ਲਾਹੌਰ ਬੁੱਕ ਸ਼ਾਪ ਲੁਧਿਆਣਾ
9. ਆਉਂਦੇ ਦਿਨੀਂ (ਗਜ਼ਲਾਂ) ਸੁਰਜੀਤ ਜੱਜ, ਪੰਨੇ 102, ਮੁੱਲ 20/-
10. ਤਿੜਕੇ ਸੁਪਨੇ (ਕਵਿਤਾਵਾਂ) ਗੁਰਮੀਤ ਕੱਲਰ-ਮਾਜਰੀ, ਮੁੱਲ 20/- ਪੰਨੇ 64

○

ਚਿਰਾਗ਼ ਲਈ ਸ਼ੁੱਭ-ਇਛਾਵਾਂ

ਪੱਡਾ ਰਾਈਸ ਮਿਲਜ਼

ਬਟਾਲਾ (ਗੁਰਦਾਸਪੁਰ)



With best compliments from :

**FREEDOM SALES**

G. T. Road (Near Canal),
AMRITSAR-143001

Awarded with Gold Medel & Udyog Partra by
Vice President of India

CYCLE AIR PUMPS, AIR PUMP'S RUBBER
NYLEX TUBINGS, CYCLE'S RUBBER &
PLASTIC PARTS, MUDGUARD SCREWS
& SEAT BOLTS, CYCLE BELL & PEDALS

Office Phone :
230930, 260846, 230833,
230848, 230849, 231165,
47953.

Resid. Phone :
224453, 220018, 224853,
221500, 62148,
Grams : 'FREEDOM'

Only Place In Northern India

CENTRE FOR
PLASTIC COSMETIC AND RECONSTRUCTIVE SURGERY

**BHUPINDER NURSING HOME**

Near Central Town Gurdwara Diwan Asthan Milap Road, Jalandhar. 144 001

**OUT STANDING FEATURES**

**LIPOSUCTION** To suck out extra deposited **Fat**,
- Figure correcting permanent effect.
- Safe and economical.

**LUECODERMA** Treatment by colour cell Transplantation in stationary **white patch** Permanent, Safe, and economical.

**RHINOPLASTIES** Correction of **nose** defects or deformities. Desired shape given to small or large size nose

**SPECIAL FEATURERS**

- **Face Lift** Removel of loose skin wrinkles of face
- **Blepheroplasty** Removel of eye bags.

Shaping of Ears and Lips
- Surgery of scars.
- Hair Transplantation.
- Breast enlargement/reduction
- Treatment of **Burns**
- Surgery of burn scars and contractures.
- General reconstructive procedures

**Dr. B. P. SINGH** M.S.

Plastic, Cosmetic, Burns And Reconstructive Surgeon

Phone : 55828, 3376, 224228, 221295